

# ਮਹਿਕ-ਏ-ਵਤਨ
# Mehak E wattan
Fortnightly Newspaper



Hardev Brar
Chief Editor

• Vol-III • Issue- 06 • Phone : +64,274-427-338 +64 9 3900004 • www.mehakewattan.com • June 2025



05

'ਮੈਂ ਭਾਰਤੀਆਂ ਦੇ ਈਮੇਲ ਦਾ ਜਵਾਬ ਨਹੀਂ ਦਿੰਦੀ', ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਦਾ ਵਿਵਾਦਿਤ ਬਿਆਨ

08

21 ਸਾਲਾ ਔਰਤ ਬਣੀ ਆਸਟ੍ਰੇਲੀਆ ਦੀ ਛੋਟੀ ਉਮਰ ਦੀ ਸੈਨੇਟਰ

12

ਨਿੱਕੇ ਸਿੱਧੂ ਨੂੰ ਗੋਦੀ 'ਚ ਚੁੱਕ ਵੱਡੇ ਪੁੱਤ ਦੀ ਬਰਸੀ 'ਤੇ ਪਹੁੰਚੇ ਮਾਤਾ ਚਰਨ ਕੌਰ

15


ਆਸਟ੍ਰੇਲੀਆ ਦੇ ਸ਼ਹਿਰ ਗ੍ਰਿਫਿਥ ਵਿਖੇ 27ਵਾਂ ਸ਼ਹੀਦੀ ਖੇਡ ਮੇਲਾ 7-8 ਜੂਨ ਨੂੰ


## ਨਿਊਜੀਲੈਂਡ ਦੇ ਸਾਬਕਾ ਚੀਫ ਕਮਿਸ਼ਨਰ ਦੀ ਭਰਤੀ ਲਈ ਕਾਨੂੰਨ ਵਿੱਚ ਤਬਦੀਲੀ ਲਈ ਪੇਸ਼ ਕੀਤਾ ਸੋਧ ਬਿੱਲ



ਮੈਲਬਰਨ - ਵਿਕਟੋਰੀਆ ਸਰਕਾਰ ਨੇ ਨਿਊਜੀਲੈਂਡ ਦੇ ਸਾਬਕਾ ਪੁਲਿਸ ਚੀਫ ਮਾਈਕ ਬੁਸ਼ ਦੀ ਨਿਯੁਕਤੀ 'ਚ ਆ ਰਹੀ ਕਾਨੂੰਨੀ ਰੁਕਾਵਟ ਦੂਰ ਕਰਨ ਲਈ ਤੁਰੰਤ ਕਾਨੂੰਨ ਵਿੱਚ ਤਬਦੀਲੀ ਲਿਆਉਣ ਦੀ ਸ਼ੁਰੂਆਤ ਕਰ ਦਿੱਤੀ ਹੈ। ਮਾਈਕ ਬੁਸ਼ ਨੂੰ 27 ਜੂਨ ਤੋਂ ਵਿਕਟੋਰੀਆ ਪੁਲਿਸ ਦੇ ਨਵੇਂ ਚੀਫ਼ ਕਮਿਸ਼ਨਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਨਿਯੁਕਤੀ ਦੌਰਾਨ ਪਤਾ ਲੱਗਾ ਕਿ ਮੌਜੂਦਾ ਕਾਨੂੰਨ ਮੁਤਾਬਕ ਚੀਰ ਕਮਿਸ਼ਨਰ ਦਾ ਅਹੁਦਾ ਸਿਰਫ਼ ਆਸਟ੍ਰੇਲੀਆਈ ਨਾਗਰਿਕ ਨੂੰ ਹੀ ਦਿੱਤਾ ਜਾ ਸਕਦਾ ਹੈ।

ਪ੍ਰੀਮੀਅਰ ਜੈਸਿਟ ਐਲਨ ਨੇ ਇਸ ਬਾਰੇ ਬਿਆਨ ਦਿੰਦਿਆ ਕਿਹਾ ਕਿ ਇਹ ਕਾਨੂੰਨ ਪੁਰਾਣਾ ਹੈ ਅਤੇ ਅੱਜ ਦੀ ਮਾਡਰਨ ਵਿਕਟੋਰੀਆ ਨਾਲ ਮੇਲ ਨਹੀਂ ਖਾਂਦਾ। ਅਸੀਂ ਦੁਨੀਆ ਭਰ ਤੋਂ ਸਭ ਤੋਂ ਚੰਗੇ ਅਤੇ ਯੋਗ ਉਮੀਦਵਾਰ ਲੈ ਕੇ ਆਉਣੇ ਚਾਹੁੰਦੇ ਹਾਂ।

ਖਜ਼ਾਨਾ ਮੰਤਰੀ ਜੈਕਲਿਨ ਸਾਈਮਜ਼ ਨੇ ਦੱਸਿਆ ਕਿ ਸਰਕਾਰ ਨੇ ਇਹ ਮਸਲਾ ਦੂਰ ਕਰਨ ਲਈ ਸੰਸਦ ਵਿੱਚ ਰੀ ਸੋਧ ਬਿੱਲ ਪੇਸ਼ ਕਰ ਦਿੱਤਾ ਹੈ। ਮਾਈਕ ਬੁਸ 2014 ਤੋਂ 2020 ਤੱਕ ਨਿਊਜ਼ੀਲੈਂਡ ਦੇ ਪੁਲਿਸ ਕਮਿਸ਼ਨਰ ਰਹਿ ਚੁੱਕੇ ਹਨ।

## ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਮੀਰੀ ਪੀਰੀ ਸਥਾਪਨਾ ਦਿਵਸ ਮੌਕੇ ਗਿਆਨੀ ਭਾਈ ਪਿੰਦਰਪਾਲ ਸਿੰਘ ਜੀ ਨਿਊਜ਼ੀਲੈਂਡ ਸੰਗਤਾਂ ਨੂੰ ਕਰਨਗੇ ਨਿਹਾਲ

ਆਕਲੈਂਡ - ਪੰਥ ਪ੍ਰਸਿੱਧ ਕਥਾਕਾਰ ਗਿਆਨੀ ਭਾਈ ਪਿੰਦਰਪਾਲ ਸਿੰਘ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਮੀਰੀ ਪੀਰੀ ਸਥਾਪਨਾ ਦਿਵਸ ਮੌਕੇ ਟਾਕਾਨਿਨੀ ਗੁਰੂਘਰ ਵਿਖੇ ਅੱਠ ਦਿਨਾਂ ਦੇ ਮਹਾਨ ਧਾਰਮਿਕ ਸਮਾਗਮ ਦੌਰਾਨ ਨਿਊਜ਼ੀਲੈਂਡ ਦੌਰੇ ਤੇ ਪਹੁੰਚ ਰਹੇ ਹਨ। ਗਿਆਨੀ ਭਾਈ ਪਿੰਦਰਪਾਲ ਸਿੰਘ ਜੀ ਦੀ ਨਿਊਜ਼ੀਲੈਂਡ ਆਮਦ ਦੌਰਾਨ, ਸੰਗਤਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ। ਭਾਈ ਸਾਹਿਬ ਜੀ 10 ਜੂਨ, ਮੰਗਲਵਾਰ ਦੀ ਸ਼ਾਮ 7:30 ਵਜੇ ਕਵਾਂਟਸ ਏਅਰਲਾਈਨ ਦੀ ਫਲਾਈਟ QF155 ਰਾਹੀਂ ਆਕਲੈਂਡ ਏਅਰਪੋਰਟ ਪਹੁੰਚਣਗੇ। ਉਨ੍ਹਾਂ ਦਾ ਟਾਕਾਨਿਨੀ ਗੁਰੂਘਰ ਵਿਖੇ ਪਹਿਲਾ ਦੀਵਾਨ 15 ਜੂਨ, ਐਤਵਾਰ ਹੋਏਗਾ। ਇਹ ਰੂਹਾਨੀ ਸਮਾਗਮ ਸਵੇਰੇ 11:30 ਵਜੇ ਤੋਂ 1:00 ਵਜੇ ਤੱਕ ਕੀਤਾ ਜਾਵੇਗਾ। ਇਹ ਸਮਾਗਮ 22 ਜੂਨ ਤੱਕ ਚੱਲਣਗੇ।

ਭਾਈ ਸਾਹਿਬ ਜੀ ਦੇ ਦੀਵਾਨ ਸਦਕਾ ਗੁਰਬਾਣੀ ਦੀ ਗੂੰਜ, ਵਿਚਾਰਾਂ ਦੀ ਗੰਭੀਰਤਾ ਅਤੇ ਰੂਹਾਨੀ ਅਨੁਭਵ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੀ ਵਿਆਖਿਆ, ਆਤਮਕ ਜੀਵਨ ਤੇ ਸਮਾਜਿਕ ਸੂਝ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ।




ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਈ ਸਾਹਿਬ ਦੇ ਦੀਵਾਨਾ 'ਚ ਹਾਜ਼ਰੀ ਭਰ ਕੇ ਲਾਹਾ ਲਿਆ ਜਾਏ। ਇਹ ਸਮਾਂ ਗੁਰਬਾਣੀ ਸਿਮਰਨ, ਸਾਧ ਸੰਗਤ ਅਤੇ ਆਤਮਕ ਉਤਸ਼ਾਹ ਲਈ ਬੇਹੱਦ ਕੀਮਤੀ ਹੋਵੇਗਾ। ਵਧੇਰੇ ਜਾਣਕਾਰੀ ਲਈ ਤੁਸੀ ਸ. ਦਲਜੀਤ ਸਿੰਘ (6421803512) ਜਾਂ ਡਾਕਟਰ ਇੰਦਰਪਾਲ ਸਿੰਘ ( 64 21372921) ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।


Rubal Singh
Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com
www.rubalsingh.co.nz

Ray White Manukau | AT Realty Limited Licensed (REAA 2008)


## ਪੁਲਿਸ ਨੇ ਆਕਲੈਂਡ 'ਚ 17 ਸਾਲ ਦੇ ਮੁੰਡੇ ਨੂੰ ਕੀਤਾ ਗ੍ਰਿਫਤਾਰ

ਆਕਲੈਂਡ ਦੇ ਰਹਿਣ ਵਾਲੇ ਇੱਕ 17 ਸਾਲ ਦੇ ਮੁੰਡੇ 'ਤੇ ਦੁਕਾਨਾਂ ਤੋਂ ਚੋਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ, ਜਿਸ ਵਿੱਚ ਪੁਲਿਸ ਦਾ ਕਹਿਣਾ ਹੈ ਕਿ $10,000 ਤੱਕ ਦੀਆਂ ਚੀਜ਼ਾਂ ਸ਼ਾਮਿਲ ਹਨ। ਮੁੰਡੇ ਨੂੰ ਕਥਿਤ ਤੌਰ 'ਤੇ ਚੋਰੀ ਹੋਏ $800 ਦੇ ਕਰਿਆਨੇ ਦੇ ਸਮਾਨ ਸਮੇਤ ਫੜਿਆ ਗਿਆ ਸੀ। ਸ਼ੁਰੂ ਵਿੱਚ ਪੁਲਿਸ ਨੇ ਕਿਹਾ ਕਿ ਸ਼ਨੀਵਾਰ, 24 ਮਈ ਨੂੰ ਸਵੇਰੇ 9 ਵਜੇ ਇੱਕ ਮੈਨੁਕਾਊ ਸੁਪਰਮਾਰਕੀਟ ਤੋਂ ਇੱਕ ਦੁਕਾਨ ਤੋਂ ਚੋਰੀ ਹੋਣ ਦੀ ਰਿਪੋਰਟ ਮਿਲੀ ਸੀ। ਕਾਉਂਟੀਆਂ ਮੈਨੁਕਾਊ ਸੈਂਟਰਲ ਏਰੀਆ ਰੋਕਥਾਮ ਮੈਨੇਜਰ ਇੰਸਪੈਕਟਰ ਵਾਰਿਕ ਐਡਕਿਨ ਨੇ ਕਿਹਾ ਕਿ ਨੌਜਵਾਨ ਕਥਿਤ ਤੌਰ 'ਤੇ ਵੱਡੀ ਮਾਤਰਾ ਵਿੱਚ ਮੀਟ ਉਤਪਾਦ ਲੈ ਕੇ ਇੱਕ ਵਾਹਨ ਵਿੱਚ ਮੌਕੇ ਤੋਂ ਭੱਜ ਗਿਆ ਸੀ।

ਹਾਜ਼ਿਰ ਅਧਿਕਾਰੀਆਂ ਨੇ ਵਾਹਨ ਬਾਰੇ ਪੁੱਛਗਿੱਛ ਕੀਤੀ ਅਤੇ ਪਤਾ ਲਗਾਇਆ ਕਿ ਇਹ ਸੰਭਾਵਨਾ ਹੈ ਕਿ ਉਹੀ ਵਿਅਕਤੀ ਸਿਰਫ ਇੱਕ ਘੰਟਾ ਪਹਿਲਾਂ ਥ੍ਰੀ ਕਿੰਗਜ਼ ਸੁਪਰਮਾਰਕੀਟ ਵਿੱਚ ਦੁਕਾਨ ਤੋਂ ਚੋਰੀ ਵਿੱਚ ਸ਼ਾਮਿਲ ਸੀ। ਐਡਕਿਨ ਨੇ ਕਿਹਾ ਕਿ, "ਪੁਲਿਸ ਅਧਿਕਾਰੀਆਂ ਨੇ ਤੁਰੰਤ ਇਸ ਪੁਰਸ਼ ਅਤੇ ਵਾਹਨ ਨੂੰ ਲੱਭਣ ਦੀ ਕੋਸ਼ਿਸ਼ ਵਿੱਚ ਜਵਾਬ ਦਿੱਤਾ। ਥੋੜੀ ਦੇਰ ਬਾਅਦ, ਵਾਹਨ ਥੋੜ੍ਹੀ ਦੂਰੀ 'ਤੇ ਮਿਲਿਆ, ਕਿਉਂਕਿ ਇਹ ਸਟੇਟ ਹਾਈਵੇਅ 20 ਵਿੱਚ ਦਾਖਲ ਹੋਣ ਵਾਲਾ ਸੀ।"

ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਲਗਭਗ $800 ਮੁੱਲ ਦਾ ਕਰਿਆਨੇ ਦਾ ਸਮਾਨ ਮਿਲਿਆ ਜੋ ਸਟੋਰ ਵਿੱਚ ਵਾਪਸ ਕਰ ਦਿੱਤਾ ਗਿਆ। "ਹੋਰ ਪੁੱਛਗਿੱਛ ਤੋਂ ਪਤਾ ਲੱਗਾ ਕਿ ਇਹ ਆਦਮੀ ਇਸ ਸਾਲ ਕਈ ਦੁਕਾਨਾਂ ਵਿੱਚ ਚੋਰੀ ਜਾਂ ਚੋਰੀ ਦੀਆਂ ਘਟਨਾਵਾਂ ਵਿੱਚ ਕਥਿਤ ਤੌਰ 'ਤੇ ਸ਼ਾਮਿਲ ਰਿਹਾ ਹੈ, ਕੁੱਲ ਮਿਲਾ ਕੇ ਜਿਸ ਦੀ ਕੀਮਤ ਕਈ ਹਜ਼ਾਰ ਡਾਲਰ ਬਣਦੀ ਹੈ। "ਅਸੀਂ ਇਸ ਘਟਨਾ ਨੂੰ ਖਤਮ ਕਰਕੇ ਅਤੇ ਇਸ ਆਦਮੀ ਨੂੰ ਉਸਦੇ ਕੰਮਾਂ ਲਈ ਜਵਾਬਦੇਹ ਠਹਿਰਾ ਕੇ ਖੁਸ਼ ਹਾਂ। ਅਸੀਂ ਅਜਿਹੇ ਬੇਸ਼ਰਮੀ ਭਰੇ ਅਪਰਾਧ ਨੂੰ ਬਰਦਾਸ਼ਤ ਨਹੀਂ ਕਰਾਂਗੇ।"


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz


Harcourts Topline
THINKING OF
BUYING OR SELLING
ਘਰ ਖਰੀਦਣ ਅਤੇ ਵੇਚਣ
ਲਈ ਸੰਪਰਕ ਕਰੋ।
ਤੁਹਾਡੀ ਆਪਣੀ ਭਾਸ਼ਾ ਬੋਲਣ
ਵਾਲੇ ਤਜ਼ਰਬੇਕਾਰ ਸਲਾਹਕਾਰ
Hardev Brar
Sales Consultant
M 027 442 7338 P 09 620 6222
DDI 09 390 0004
hardev.brar@harcourts.co.nz
www.toplinerealty.co.nz
206 Stoddard Road,
Mt Roskill, Auckland


ਪੰਥ ਪ੍ਰਸਿੱਧ ਕਥਾਕਾਰ ਗਿਆਨੀ ਭਾਈ ਪਿੰਦਰਪਾਲ
ਸਿੰਘ ਜੀ ਆ ਰਹੇ ਨਿਊਜ਼ੀਲੈਂਡ ਦੌਰੇ 'ਤੇ
ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਮੀਰੀ-ਪੀਰੀ ਸਥਾਪਨਾ ਦਿਵਸ ਨੂੰ ਲੈਕੇ
ਟਾਕਾਨਿਨੀ ਗੁਰੂਘਰ ਵਿਖੇ 8 ਦਿਨਾਂ ਦੇ ਧਾਰਮਿਕ ਸਮਾਗਮ
ਗਿਆਨੀ ਭਾਈ
ਪਿੰਦਰਪਾਲ ਸਿੰਘ ਜੀ
ਮਹਾਨ ਗੁਰਮਤਿ ਸਮਾਗਮ
ਸਥਾਨ: ਟਾਕਾਨਿਨੀ ਗੁਰੂਘਰ
70 ਟਾਕਾਨਿਨੀ ਸਕੂਲ ਰੋਡ, ਟਾਕਾਨਿਨੀ
15 ਜੂਨ 2025 (ਐਤਵਾਰ) - ਸਵੇਰੇ 11.30 ਤੋਂ 1.00
16, 17, 18, 19, 20 ਜੂਨ 2025 - ਸ਼ਾਮ 7.00 ਤੋਂ 8.30
22 ਜੂਨ 2025 ਸਵੇਰੇ - 11.00 ਤੋਂ 12.30
ਦਲਜੀਤ ਸਿੰਘ - +6421803512, ਡਾਕਟਰ ਇੰਦਰਪਾਲ ਸਿੰਘ - +64 21 372 921


SPARKELS
JEWELLERS
SPARKLE YOUR LIFE WITH SPARKLE JAWELLER
1. We Buy Gold Diamond & Coins
2. 22 kt., 9kt, 18kt & Diamond Jewellery
3. Jewellery Valuation
4. Jewellery Repairing
5. Lucky Stones
CALL: G S HAPPY
DDI 093901041
208, Great South Road Papatoetoe PH: 0800 030377


ਜੀ ਆਇਆਂ ਨੂੰ
093920400
ARDASS TRAVEL
ਦੁਨੀਆ ਭਰ ਵਿੱਚ ਕਿਤੇ ਵੀ ਟਰੈਵਲ ਕਰਨ ਲਈ ਸਭ ਤੋਂ ਸਸਤੀ ਟਿਕਟ ਪਾਓ ਸਿਰਫ ਅਰਦਾਸ ਟਰੈਵਲ
+64 2248 00000, 22481 0000, 093920400
info@ardasstravel.com
ardasstravel.com
185 Great South Road Manurewa
Aukland 2102
72 O'Shannessey Street, Papakura,
Auckland 2110, New Zealand
ਅਰਦਾਸ ਟਰੈਵਲ









ਇਹ ਫੋਟੋ ਮਾਹੀਨੰਗਲ ਨੇ ਘੱਲੀ ਹੈ, ਚੇਤਾ ਨਹੀਂ ਕਿਥੋਂ ਦੀ ਹੈ। ਲਗਪਗ ਵੀਹ ਵਰ੍ਹੇ ਦੀ ਹੋਵੇਗੀ, ਮਾਹੀਨੰਗਲ ਨੇ ਫੋਟੋ ਥੱਲੇ ਕੈਪਸ਼ਨ ਲਿਖਿਆ ਹੈ, “ਛੱਡ ਦੇ ਗੁੱਸਾ ਹੁਣ, ਫੋਟੋ ਵਿੱਚ ਵੀ ਲੱਗ ਰਿਹਾ ਜਿਵੇਂ ਆਪਾਂ ਦੋਨੋਂ ਲੜੇ ਹੋਏ ਆਂ।“ ਯਾਦ ਆਇਆ ਕਿ ਅਸੀਂ ਸੱਚੀਓਂ ਹੀ ਲੜਪੇ ਸੀ। ਪ੍ਰੋਗਰਾਮ ‘ਤੇ ਜਾਂਦਿਆਂ ਮਾਹੀਨੰਗਲ ਨੂੰ ਕਾਰ ਵਿਚ ਬੈਠੇ ਨੂੰ ਹੀ ਗਾਉਣ ਦੀਆਂ ਲੂਹਰੀਆਂ ਉਠਣ ਲੱਗੀਆਂ ਤੇ ਉਹ ਆਪ ਮੁਹਾਰਾ ਹੋ ਗਾਉਣ ਲੱਗਿਆ।

ਦੋ ਤਿੰਨ ਮੁਖੜੇ ਤੇ ਅੱਧ- ਪਚੱਧੇ ਗੀਤ ਗਾਏ। ਮੈਂ ਘੂਰ ਕੇ ਆਖਿਆ ਕਿ ਸਟੇਜ ਉਤੇ ਕੀ ਗਾਵੇਂਗਾ ਜੇ ਸਾਰਾ ਜੋਰ ਕਾਰ ‘ਚ ਬੈਠੇ ਨੇ ਲਾ ਲਿਆ? ਉਹ ਮੇਰੀ ਘੂਰੀ ਤੋਂ ਲਾਚੜ ਜਿਹਾ ਗਿਆ ਤੇ ਹੋਰ ਹੋਰ ਗੀਤਾਂ ਦੇ ਮੁਖੜੇ ਗਾਉਂਦਾ ਗਾਉਂਦਾ ਬਿੱਲੇ -ਬਿੱਲੀਆਂ ਦੀਆਂ ਆਵਾਜਾਂ ਜਿਹੀਆਂ ਕੱਢੀ ਜਾਵੇ, ਸੰਗੀਤਕ ਸ਼ਰਾਰਤਾਂ ਕਰੀ ਜਾਵੇ। ਮੈਂ ਚੁੱਪ ਕਰਕੇ ਬੈਠ ਗਿਆ। ਮੈਨੂੰ ਪਤਾ ਹੈ ਕਿ ਜਦ ਉਸ ਉਤੇ ਸੁਰਾਂ ਹਾਵੀ ਹੋ ਜਾਣ ਫਿਰ ਉਸਨੂੰ ਕੋਈ ਚੜ੍ਹੀ ਲੱਥੀ ਦੀ ਪ੍ਰਵਾਹ ਨਹੀ ਰਹਿੰਦੀ, ਉਹ ਸਹੀ ਰੂਪ ਵਿਚ ਗਾਉਣਹਾਰਾ ਹੋ ਜਾਂਦਾ ਹੈ। ਖੈਰ! ਅਸੀਂ ਪ੍ਰੋਗਰਾਮ ਵਾਲੀ ਥਾਵੇਂ ਅੱਪੜੇ। ਚੰਗਾ ਚੋਖਾ ਸਵਾਗਤ ਹੋਇਆ। ਜਦ ਉਸ ਨੇ ਗਾਇਆ: ਮੈਂ ਕੁੜੀ ਗਰੀਬਾਂ ਦੀ ਮੈਨੂੰ ਪਿਆਰ ਨਾ ਮੁੰਡਿਆ ਕਰ ਵੇ

ਫਿਰ ਪਾਸਾ ਵੱਟਜੇਂਗਾ
ਵੇਖ ਸਾਡਾ ਕੱਚੀਆਂ ਇੱਟਾਂ ਦਾ ਘਰ ਵੇ---

ਖੂਬ ਤਾੜੀਆਂ ਵੱਜੀਆਂ। ਸਰੋਤੇ ਕੀਲੇ ਗਏ। ਉਹ ਗਾਉਣ ਲੱਗਿਆ:

ਵੱਡੀ ਭਾਬੀ ਮਾਂ ਵਰਗੀ
ਮਾਂ ਮਰੀ ਦਾ ਅਫਸੋਸ ਨਾ ਮੈਨੂੰ ਹੋਇਆ---

ਫਿਰ ਉਸਨੇ ਗਾਇਆ:

ਗਲ ਲਗਕੇ ਮਿਲ ਲੈ ਹਾਣਦੀਏ
ਕਿਤੇ ਵਿਛੜੇ ਨਾ ਮਰ ਜਾਈਏ---

ਪੂਰਾ ਮੇਲਾ ਲੁੱਟਿਆ।

ਆਥਣ ਹੋਈ, ਤਾਂ ਪ੍ਰਬੰਧਕ ਘਰੇ ਲੈਗੇ। ਬੱਤੇ- ਬੀਅਰਾਂ ਲਿਆ ਰੱਖੇ। ਚੰਗੀ ਟਹਿਲ ਸੇਵਾ ਹੋਈ। ਦੇਰ ਰਾਤ ਵਾਪਿਸ ਮੁੜਦਿਆਂ ਅਸੀਂ ਰਲ ਕੇ ਗਾ ਰਹੇ ਸਾਂ ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦੀ ਲਿਖੀ ਕਵੀਸ਼ਰੀ ਦੇ ਬੋਲ ਸਨ:

ਚੱਲਿਆ ਸਰੀਰ ਮੁੱਕ
ਮੁੱਕੇ ਤੇਰੇ ਕੰਮ ਨਾ---

ਫਿਰ ਉਸਨੇ ਬੋਲ ਚੁੱਕਿਆ:

ਭੱਜ ਦਾਨਾਬਾਦ ਚੱਲੀਏ ਵੇ ਮਿਰਜਿਆ ਚੜ੍ਹੀਆਂ ਆਉਂਦੀਆਂ ਵਾਰਾਂ---

ਬੜੇ ਪਿਆਰੇ ਦਿਨ ਸਨ ਉਹ। ਪਤਾ ਨਹੀ ਕਿਥੇ ਚਲੇ ਗਏ ਨੇ ਓਹ ਦਿਨ। ਹੁਣ ਉਹ ਨਿਊਜੀਲੈਂਡ ਵਸਦਾ ਹੈ। ਜਦ ਆਉਂਦਾ ਹੈ ਪਿੰਡ ਮਹਿਫਲ ਲਾਈਦੀ ਹੈ। ਬੀਤੇ ਦਿਨ ਚੇਤੇ ਕਰੀਦੇ ਹਨ ਪਰ ਇਸ ਵਾਰ ਉਹਦਾ ਪਤਾ ਨਹੀ ਕਿੱਥੇ ਹੈ! ਆਇਆ ਹੈ ਕਿ ਨਹੀ। ਫੋਟੋ ਆਈ ਹੈ। ਫੋਨ ਨੀ ਆਇਆ। ਜਿਊਂਦੇ ਵਸਦੇ ਰਹਿਣ ਸੱਜਣ ਸੁਹੇਲੜੇ। ਹਰਦੇਵ ਮਾਹੀਨੰਗਲ ਜਿੰਦਾਬਾਦ।

Mehak E wattan
Fortnightly Newspaper

•Issue-06 • June 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

**ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਵੱਗ ਪਰ ਟੁੱਟ ਕੇ ਪੈਂਦਾ ਹੈ ਠੀਕ ਉਸੇ ਤਰ੍ਹਾਂ ਅੱਜ ਖ਼ਾਲਸਾ ਵੀ ਅਠੱਲ ਜੋਸ਼ ਵਿਚ ਮੱਤਾ ਹੋਇਆ ਜਹਾਦੀਆਂ ਪਰ ਜਾ ਪਿਆ ਅਤੇ ਜਾਂਦਿਆਂ ਹੀ ਲਗਦੇ ਹੱਥ ਸਭ ਤੋਂ ਪਹਿਲਾਂ ਰਸਤੇ ਵਾਲੇ ਮੋਰਚੇ ਭਾਰੀ ਕਟਾ-ਵੱਢ ਦੇ ਨਾਲ ਖੋਹ ਲਏ। ਫਿਰ ਖੁੱਲ੍ਹੇ ਮੈਦਾਨ ਵਿੱਚ ਪਹੁੰਚ ਕੇ ਐਸੀ ਹਨੇਰ ਦੀ ਸਿਰੀ ਸਾਹਿਬ ਚਲਾਈ ਕਿ ਜੋ ਵੀ ਸਾਹਮਣੇ ਆਇਆ ਖ਼ਾਲਸਾ ਉਸ ਨੂੰ ਕੱਖਾਂ ਕਾਨਾਂ ਦੀ ਤਰ੍ਹਾਂ ਪੈਰਾਂ ਥੱਲੇ ਲਤਾੜਦਾ ਹੋਇਆ ਅੱਗੇ ਹੀ ਅੱਗੇ ਵਧਦਾ ਚਲਾ ਗਿਆ।

ਇਸ ਵਿੱਚ ਸੰਦੇਹ ਨਹੀਂ ਕਿ ਅਗੋਂ ਜੋਸ਼ੀਲੇ ਗ਼ਾਜ਼ੀਆਂ ਵੀ ਬੀਰਤਾ ਦੱਸਣ ਵਿਚ ਕੋਈ ਕਸਰ ਪਿੱਛੇ ਨਹੀਂ ਸੀ ਛੱਡੀ, ਪਰ ਖ਼ਾਲਸੇ ਦੇ ਮਨਾਂ ਪਰ ਸ਼ਾਹਜ਼ਾਦੇ ਦੇ ਭਾਸ਼ਣ ਦਾ ਉਹ ਜਾਦੂ ਭਰਿਆ ਅਸਰ ਹੋਇਆ ਕਿ ਹਰ ਇੱਕ ਜਵਾਨ ਇਹ ਲੋਚਦਾ ਸੀ ਕਿ ਕਿਵੇਂ ਮੇਰੀ ਹੀ ਤੇਗ਼ ਖ਼ਲੀਫ਼ੇ ਦੇ ਲਹੂ ਵਿੱਚ ਟੁੱਭੇ ਲਾ ਕੇ ਆਪਣੀ ਪਿਆਸ ਬੁਝਾਏ। ਨੌਜਵਾਨ ਸ਼ੇਰ ਸਿੰਘ ਨੇ ਤਾਂ ਇਸ ਸਮੇਂ ਨਿਰਭੈਤਾ ਤੇ ਵਰਯਾਮਤਾ ਦੀ ਹੱਦ ਹੀ ਮੁਕਾ ਦਿੱਤੀ। ਇਹ ਆਪਣੇ ਛਬੀਲੇ ਘੋੜੇ ਨੂੰ ਉਡਾ ਕੇ ਫ਼ੌਜ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਪਹੁੰਚਦਾ ਅਤੇ ਜਿੱਥੇ ਜਿੱਥੇ ਸਹਾਇਤਾ ਦੀ ਲੋੜ ਦੇਖਦਾ ਉਥੇ ਸੱਜਰ ਸ਼ਾਹ ਕੁਮਕ ਭੇਜ ਦੇਂਦਾ। ਇਸ ਤਰ੍ਹਾਂ ਇਹ ਕੱਟਾ-ਵੱਢ ਲੌਢੇ ਪਹਿਰ ਤੱਕ ਚਾਲੂ ਰਹੀ।

ਨਵੇਂ ਰਾਹ ਵਲੋਂ ਫ਼ੌਜ ਦਾ ਦੂਜਾ ਭਾਗ ਜਦ ਤੋਪਾਂ ਅਤੇ ਜੰਬੂਰਕ ਦਾਗ਼ਦਾ ਹੋਇਆ ਗ਼ਾਜ਼ੀਆਂ ਦੇ ਪਿਛਲੇ ਪਾਸੇ ਤੋਂ ਉਨ੍ਹਾਂ ਦੇ ਸਿਰਾਂ ਪਰ ਅਚਾਨਕ ਜਾ ਪੁੱਜਾ ਤਾਂ ਜੈਕਾਰਿਆਂ ਦੀ ਲਲਕਾਰ ਅਤੇ ਤੋਪਾਂ ਦੀ ਕੜਕੜਾਹਟ ਨੇ ਗ਼ਾਜ਼ੀਆਂ ਨੂੰ ਐਸਾ ਭੈ-ਭੀਤ ਕਰ ਦਿੱਤਾ ਕਿ ਜਹਾਦੀਆਂ ਵਿੱਚ ਭਾਰੀ ਖਲਬਲੀ ਖਿੱਲਰ ਗਈ। ਉਹ ਐਸੇ ਅਧੀਰ ਹੋਏ ਕਿ ਸਭ ਨੂੰ ਆਪੋ-ਆਪਣੀਆਂ ਜਾਨਾਂ ਦੇ ਲਾਲੇ ਪੈ ਗਏ। ਇਸ ਸਮੇਂ ਬੀਰ ਸ਼ਾਹਜ਼ਾਦਾ ਆਪਣੇ ਖ਼ਾਸ ਜਾਗੀਰਦਾਰੀ ਰਸਾਲੇ ਨੂੰ ਗ਼ਾਜ਼ੀਆਂ ਪਰ ਅੱਗੇ ਵਧਾਂਦਾ ਹੋਇਆ ਸਭ ਤੋਂ ਮੁਹਰੇ ਜਾ ਪੁੱਜਾ ਅਤੇ ਉਹ ਤੇਗ਼ ਚਲਾਈ ਕਿ ਦੇਖਣ ਵਾਲੇ ਵਚਿੱਤਰ ਰਹਿ ਗਏ। ਇਸ ਸਮੇਂ ਦੀ ਡਾਢੀ ਡਰਾਵਣੀ ਮੂਰਤ ਇਕ ਵਹਾਬੀ ਲੇਖਕ ਮੌਲਵੀ ਰਜਬ ਅਲੀ ਨੇ ਇਉਂ ਚਿੱਤਰੀ ਹੈ :-

"ਇਸ ਭਿਆਨਕ ਸਮੇਂ ਇਹ ਪ੍ਰਤੀਤ ਹੁੰਦਾ ਸੀ ਕਿ ਅੱਖਾਂ ਮਹਾਂ ਪਰਲੋ ਦਾ ਦ੍ਰਿਸ਼ ਪ੍ਰਤੱਖ ਦੇਖ ਰਹੀਆਂ ਹਨ। ਸਿੱਖਾਂ ਵਲੋਂ ਅਕਾਲ ਅਕਾਲ ਦੇ ਆਕਾਸ਼ ਤੋੜ ਜੈਕਾਰਿਆਂ ਦੀ ਗਰਜ, ਗ਼ਾਜ਼ੀਆਂ ਵਲੋਂ ਅੱਲਾ ਹੂ ਅਕਬਰ ਦੀ ਗੂੰਜ ਨੇ ਐਸਾ ਡਰਾਵਣਾ ਸਮਾਂ ਪੈਦਾ ਕਰ ਦਿੱਤਾ ਸੀ ਕਿ ਕੰਨੀ ਪਈ ਹੋਰ ਕੋਈ ਗੱਲ ਨਾ ਸੀ ਸੁਣੀ ਜਾਂਦੀ, ਹਰ ਪਲ ਇਹੋ ਦਿੱਸਦਾ ਸੀ ਕਿ ਆਕਾਸ਼ ਟੁੱਟ ਕੇ ਧਰਤ ਪਰ ਆ ਰਿਹਾ ਹੈ। ਆਪਣੇ ਤੇ ਬਿਗਾਨੇ ਦੀ ਪਛਾਣ ਅਲੋਪ ਹੋ ਗਈ ਸੀ। ਮਰਨ ਵਾਲਿਆਂ ਦੀ ਪੁਕਾਰ, ਫੱਟੜਾਂ ਦੀ ਹਾਹਾਕਾਰ, ਮਨਾਂ ਨੂੰ ਪਿਘਲਾ ਕੇ ਵਗਾ ਰਹੀ ਸੀ। ਧਰਤੀ ਪਰ ਮਨੁੱਖਾਂ ਤੇ ਘੋੜਿਆਂ ਦੀਆਂ ਮੁਰਦਾ ਲੋਥਾਂ ਤੋਂ ਛੁੱਟ ਹੋਰ ਕੁਝ ਨਾ ਸੀ ਦਿੱਸਦਾ। ਅੱਜ ਇਸ ਘਟਨਾ ਨੂੰ ਕਈ ਸਾਲ ਬੀਤ ਗਏ ਹਨ ਪਰ ਹੁਣ ਵੀ ਜਦ ਉਹ ਭਿਆਨਕ ਦ੍ਰਿਸ਼ ਮੇਰੀਆਂ ਅੱਖਾਂ ਸਾਹਵੇਂ ਆ ਖੜੋਂਦਾ ਹੈ ਤਦ ਲੂੰ ਕੰਡੇ ਖੜੇ ਹੋ ਜਾਂਦੇ ਹਨ ਅਤੇ ਮੂੰਹ ਤੋਂ ਅਵੱਸ਼ ਨਿਕਲ ਜਾਂਦਾ ਹੈ ਕਿ ਰੱਬਾ ! ਇਹੋ ਜਿਹਾ ਕਰਬਲਾਈ ਦਿਨ ਜੀਵਨ ਵਿਚ ਮੁੜ ਕਦੇ ਨਾ ਦਿੱਸੇ। [1]

ਹੁਣ ਜਦ ਦੋਵੱਲੀਓਂ ਤਲਵਾਰ ਖਟਾ-ਖਟ ਚਲਦਿਆਂ ਲੌਢਾ ਪਹਿਰ ਹੋ ਗਿਆ ਤਾਂ ਗ਼ਾਜ਼ੀਆਂ ਦੇ ਪੈਰ ਰਣ-ਤੱਤੇ ਵਿਚੋਂ ਕੁਝ ਥਿੜਕ ਗਏ। ਜਦ ਖ਼ਲੀਫ਼ਾ ਸਾਹਿਬ ਨੇ ਬਾਜ਼ੀ ਹੱਥੋਂ ਜਾਂਦੀ ਡਿੱਠੀ ਤਾਂ ਉਹ ਝੱਟ ਸਣੇ ਆਪਣੇ ਲਾਗੇ ਦੇ ਸਾਥੀਆਂ ਦੇ ਮੈਦਾਨ ਦੇ ਉਸ ਭਾਗ ਵਿੱਚ ਜਾ ਖਲੋਤਾ ਜਿਥੋਂ ਜਹਾਦੀ ਪਿੱਛੇ ਹੱਟ ਰਹੇ ਸਨ। ਇਥੇ ਸ਼ਹਿਜ਼ਾਦਾ ਆਪਣੇ ਰਸਾਲੇ ਦੇ ਜਵਾਨਾਂ ਨੂੰ ਅੱਗੇ ਵਧਾ ਰਿਹਾ ਸੀ ਕਿ ਸਾਹਮਣੇ ਤੋਂ ਖ਼ਲੀਫ਼ੇ ਦੀ ਨਜ਼ਰ ਇਸ ਪਰ ਪਈ, ਉਹ ਝੱਟ ਸਣੇ ਆਪਣੇ ਟੋਲੇ ਦੇ ਸ਼ਹਿਜ਼ਾਦੇ ਪਰ ਟੁੱਟ ਕੇ ਆ ਪਿਆ ਤੇ ਆਪਣੀ ਤਲਵਾਰ ਦਾ ਵਾਰ ਉਸ ਪਰ ਕੀਤਾ। ਪਰ ਅਗੋਂ ਸਾਵਧਾਨ ਸ਼ਹਿਜ਼ਾਦੇ ਨੇ ਉਹ ਵਾਰ ਆਪਣੀ ਅਸਫ਼ਹਾਨੀ ਸ਼ਮਸ਼ੇਰ ਪਰ ਝੜਪ ਲਿਆ ਜਿਸ ਨਾਲ ਖ਼ਲੀਫ਼ੇ ਦੀ ਤਲਵਾਰ ਦੋ-ਟੁੱਕ ਕੱਟੀ ਗਈ। ਉਪਰੋਂ ਅੱਖ ਦੇ ਫੁਰਕਾਰ ਵਿੱਚ ਆਪਣੀ ਸਿਰੀ ਸਾਹਿਬ ਐਸੀ ਚਲਾਈ ਕਿ ਸਾਹਮਣੇ ਤੋਂ ਵਾਰ ਕਰਨ ਵਾਲੇ ਨੂੰ ਇਕੋ ਸੱਟ ਨਾਲ ਝਟਕਾ ਸੁੱਟਿਆ।

ਇਸੇ ਜੋਸ਼ ਨਾਲ ਸ਼ਹਿਜ਼ਾਦੇ ਨੇ ਮੁੜ ਤਲਵਾਰ ਵਹਾਈ ਅਤੇ ਉਸ ਦੇ ਇਕ ਹੋਰ ਸਹਾਇਕ ਨੂੰ ਪਟਕਾ ਕੇ ਧਰਤੀ ਪਰ ਮਾਰਿਆ। ਇਸ ਸਮੇਂ ਇਥੇ ਸਰਦਾਰ ਹਰੀ ਸਿੰਘ ਨਲੂਆ ਤੇ ਸਰਦਾਰ ਅਤਰ ਸਿੰਘ ਕਾਲਿਆਂ ਵਾਲਾ ਪਹੁੰਚ ਗਏ ਅਤੇ ਉਨ੍ਹਾਂ ਨੇ ਇੱਕ ਹੋਰ ਗ਼ਾਜ਼ੀ ਨੂੰ ਉਥੇ ਹੀ ਰੱਖਿਆ।

ਇਸ ਛੇਕੜਲੇ ਡਿੱਗਦੇ ਹੋਏ ਗ਼ਾਜ਼ੀ ਨੇ ਉੱਚੀ ਪੁਕਾਰ ਕੇ ਆਖਿਆ, "ਖ਼ੁਦਾ ਦੇ ਵਾਸਤੇ ਹਜ਼ਰਤ ਖ਼ਲੀਫ਼ਾ ਸਾਹਿਬ ਨੂੰ ਜ਼ਮੀਨ ਤੋਂ ਚੁੱਕ ਲਵੋ। ਇਹ ਤੜਫ ਰਹੀ ਪਾਕ ਦੇਹ ਹਜ਼ਰਤ ਸਾਹਿਬ ਦੀ ਹੈ।" ਇਸ ਸਮੇਂ ਕੁਝ ਹੋਰ ਗ਼ਾਜ਼ੀਆਂ, ਜਿਹੜੇ ਇਨ੍ਹਾਂ ਫੱਟੜਾਂ ਨੂੰ ਉਠਾ ਕੇ ਲਿਜਾਣਾ ਚਾਹੁੰਦੇ ਸਨ, ਨੂੰ ਕੈਦੀ ਬਣਾ ਲਿਆ ਗਿਆ।

ਇਨ੍ਹਾਂ ਵਿੱਚੋਂ ਇੱਕ ਨੇ ਦੱਸਿਆ ਕਿ ਜਿਸ ਦੀ ਤਲਵਾਰ ਸ਼ਹਿਜ਼ਾਦਾ ਸਾਹਿਬ ਨੇ ਆਪਣੀ ਖੜਗ ਨਾਲ ਕੱਟ ਸੁੱਟੀ ਸੀ ਤੇ ਦੂਜੇ ਵਾਰ ਨਾਲ ਉਸ ਨੂੰ ਧਰਤ ਪਰ ਸੁੱਟ ਲਿਆ ਸੀ ਉਹ ਖ਼ਲੀਫ਼ਾ ਸੱਯਦ ਅਹਿਮਦ ਬਰੇਲਵੀ ਆਪ ਸੀ। ਸ਼ਹਿਜ਼ਾਦਾ ਸਾਹਿਬ ਇਹ ਸੁਣਦਿਆਂ ਹੀ ਝੱਟ ਆਪਣੇ ਘੋੜੇ ਤੋਂ ਛਾਲ ਮਾਰ ਕੇ ਉੱਤਰ ਪਿਆ ਅਤੇ ਆਪਣੇ ਅਰਦਲ ਦੇ ਜਵਾਨਾਂ ਨੂੰ ਉਸ ਫੱਟੜ ਨੂੰ ਚੁੱਕਣ ਲਈ ਕਿਹਾ। ਪਰ ਜਦ ਉਸ ਨੂੰ ਸ਼ਹਿਜ਼ਾਦੇ ਦੇ ਸਵਾਰ ਉਠਾ ਰਹੇ ਸਨ ਤਾਂ ਇਸ ਸਮੇਂ ਇਹ ਛੇਕੜਲੇ ਸਵਾਸ ਲੈ ਰਿਹਾ ਸੀ ਅਤੇ ਸ਼ਹਿਜ਼ਾਦੇ ਦੇ ਸਾਹਮਣੇ ਹੀ ਇਸ ਨੇ ਅੰਤਮ ਦਮ ਤੋੜ ਦਿੱਤਾ ਸੀ।

ਹੁਣ ਜਦ ਗ਼ਾਜ਼ੀਆਂ ਵਿੱਚ ਮੂੰਹੋਂ ਹਜ਼ਰਤ ਸਾਹਿਬ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਖਿੱਲਰ ਗਈ ਤਾਂ ਹੋਰ ਕਿਨ ਲੜਨਾ ਸੀ, ਗ਼ਾਜ਼ੀ ਰਣ-ਭੂਮੀ ਖ਼ਾਲਸੇ ਦੇ ਹੱਥ ਸੌਂਪ ਕੇ ਉੱਠ ਨੱਠੇ ਪਰ ਚੂੰਕਿ ਨੱਸਣ ਦਾ ਰਾਹ ਇਕੋ ਸੀ ਇਸ ਲਈ ਗ਼ਾਜ਼ੀਆਂ ਦਾ ਵਧੇਰਾ ਭਾਗ ਤਾਂ ਜੰਨਤ ਜਾ ਵਸਿਆ ਅਤੇ ਬਾਕੀ ਰਹਿੰਦੇ ਕੈਦੀ ਬਣਾ ਲਏ ਗਏ। ਇਸ ਜੰਗ ਵਿੱਚ ਜਹਾਦੀਆਂ ਦਾ ਜਾਨੀ ਨੁਕਸਾਨ ਬਹੁਤ ਭਾਰੀ ਸੀ ਜਿਸ ਦੇ ਕਾਰਨ ਅੱਗੇ ਲਈ ਜਹਾਦ ਦਾ ਢੌਂਗ ਸਦਾ ਲਈ, ਸਰਹੱਦ ਵਿਚੋਂ ਸਮਾਪਤ ਹੋ ਗਿਆ।

ਹੁਣ ਜਿਥੇ ਵਿਜਈ ਖ਼ਾਲਸਾ ਫ਼ੌਜ ਭੱਜੇ ਜਾ ਰਹੇ ਜਹਾਦੀਆਂ ਨਾਲ ਲੇਖੇ ਚੁਕਾ ਰਹੀ ਸੀ, ਉਥੇ ਸ਼ਾਹਜ਼ਾਦਾ ਸਾਹਿਬ ਨੇ ਸੱਯਦ ਅਹਿਮਦ ਸ਼ਾਹ ਦੀ ਮ੍ਰਿਤੂ ਦੇਹ ਨੂੰ ਜੰਗੀ ਡੋਲੀ ਵਿੱਚ ਪੁਵਾ ਕੇ, ਆਪਣੇ ਕਮਰ-ਕਸੇ ਦੀ ਸ਼ਾਲ ਉਸ ਉੱਪਰ ਵਿਛਾ ਦਿੱਤੀ। ਇਸ ਥਾਂ ਪਰ ਖ਼ਲੀਫ਼ਾ ਸਾਹਿਬ ਦੇ ਲਾਗੇ ਕੁਝ ਹੋਰ ਲਾਸ਼ਾਂ ਮਿਲੀਆਂ ਜਿਨ੍ਹਾਂ ਵਿਚੋਂ ਇਕ ਸ਼ਾਹ ਇਸਮਾਈਲ ਦੀ ਪਛਾਣੀ ਗਈ[1], ਜਿਸ ਦਾ ਅੰਤ ਨਲਵੇ ਸਰਦਾਰ ਦੀ ਤੇਗ਼ ਨੇ ਕੀਤਾ ਸੀ ਅਤੇ ਇਸ ਨੇ ਨਾਲ ਹੀ ਦੂਜੀ ਲਾਸ਼ ਮੌਲਾਨਾ ਅਬਦੁੱਲ ਹਈ ਦੀ ਸੀ।[2]

ਇਸ ਗੱਲ ਦੇ ਲਿਖਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਿ ਅੱਜ ਦੇ ਰਣ ਵਿੱਚ ਖ਼ਲੀਫ਼ਾ ਸਾਹਿਬ ਅਤੇ ਉਸ ਦੇ ਸਾਥੀਆਂ ਵੱਧ ਤੋਂ ਵੱਧ ਬਹਾਦਰੀ ਦੱਸ ਕੇ ਆਪਾ ਵਾਰਿਆ ਸੀ, ਪਰ ਫ਼ਤਹਿ ਅਤੇ ਹਾਰ ਕਰਤਾਰ ਨੇ ਆਪਣੇ ਹੱਥ ਰੱਖੀ ਹੈ। ਭਾਵੇਂ ਇਨ੍ਹਾਂ ਨੇ ਆਪਣੇ ਵਲੋਂ ਕੋਈ ਥੁੜ ਨਹੀਂ ਸੀ ਰਹਿਣ ਦਿੱਤੀ ਪਰ ਕਾਦਰ ਨੂੰ ਇਹ ਪਰਵਾਨ ਸੀ ਕਿ ਇਸ ਸੰਗਰਾਮ ਦੀ ਫ਼ਤਹਿ ਦਾ ਸੇਹਰਾ ਕੰਵਰ ਸ਼ੇਰ ਸਿੰਘ ਦੇ ਸਿਰ ਰਹੇ। ਸੋ ਇਹ ਸਭ ਕੁਝ ਹੋ ਕੇ ਰਿਹਾ।

ਕੰਵਰ ਸ਼ੇਰ ਸਿੰਘ ਚੂੰਕਿ ਆਪ ਚੋਟੀ ਦਾ ਬੀਰ ਬਹਾਦਰ ਸੀ ਅਤੇ ਸਦਾ ਹੀ ਬਹਾਦਰਾਂ ਦੀ ਹਿੱਤੋਂ ਚਿਤੋਂ ਕਦਰ ਕਰਨ ਵਾਲਾ ਸੀ, ਅੱਜ ਇਹ ਗ਼ਾਜ਼ੀਆਂ ਦੇ ਤਿੰਨ ਮੁਖੀਏ ਬੜੀ ਬਹਾਦਰੀ ਨਾਲ ਸ਼ਾਹਜ਼ਾਦਾ ਸ਼ੇਰ ਸਿੰਘ ਨਾਲ ਹੱਥੋਂ-ਹੱਥ ਲੜੇ ਸਨ, ਇਸ ਲਈ ਇਨ੍ਹਾਂ ਤਿੰਨਾਂ ਦੀਆਂ ਲਾਸ਼ਾਂ ਨੂੰ ਸ਼ਾਹਜ਼ਾਦਾ ਸਾਹਿਬ ਨੇ ਬੜੇ ਸਤਿਕਾਰ ਨਾਲ, ਇਨ੍ਹਾਂ ਪਰ ਬਹੁ-ਮੁੱਲੇ ਬਸਤਰ ਵਿਛਾ ਕੇ ਆਮ ਲੋਕਾਂ ਵਿੱਚੋਂ ਵੱਖ ਥਾਏਂ ਪਹੁੰਚਾ ਦਿੱਤਾ।

## ਸੱਯਦ ਅਹਿਮਦ ਸ਼ਾਹ ਦੇ ਇਰਾਦੇ

ਸੱਯਦ ਅਹਿਮਦ ਸ਼ਾਹ ਦੇ ਹੁਕਮਨਾਮੇ ਅਤੇ ਮਕਤੂਬ ਜਿਹੜੇ ਉਸ ਨੇ ਸਰਹੱਦ ਵਿੱਚੋਂ ਹਿੰਦ ਦੇ ਕੁਝ ਆਪਣੇ ਸਹਾਇਕ ਮੁਰੀਦਾਂ

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



# 'ਮੈਂ ਭਾਰਤੀਆਂ ਦੇ ਈਮੇਲ ਦਾ ਜਵਾਬ ਨਹੀਂ ਦਿੰਦੀ', ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਦਾ ਵਿਵਾਦਿਤ ਬਿਆਨ

ਵੈਲਿੰਗਟਨ: ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਮੰਤਰੀ ਏਰਿਕਾ ਸਟੈਨਫੋਰਡ ਨੇ ਭਾਰਤੀਆਂ ਸੰਬੰਧੀ ਇੱਕ ਵਿਵਾਦਿਤ ਬਿਆਨ ਦਿੱਤਾ ਹੈ। ਉਸਨੇ ਕਿਹਾ ਹੈ ਕਿ ਉਹ ਕਦੇ ਵੀ ਭਾਰਤੀਆਂ ਦੇ ਈਮੇਲਾਂ ਦਾ ਜਵਾਬ ਨਹੀਂ ਦਿੰਦੀ। ਇਸ ਬਿਆਨ ਮਗਰੌਂ ਉਹ ਵਿਵਾਦਾਂ ਵਿੱਚ ਘਿਰ ਗਈ ਹੈ। ਮੰਤਰੀ ਦੀ ਇਸ ਟਿੱਪਣੀ ਨੂੰ ਭਾਰਤੀਆਂ ਪ੍ਰਤੀ ਉਨ੍ਹਾਂ ਦੇ ਪੱਖਪਾਤ ਨਾਲ ਜੋੜਿਆ ਜਾ ਰਿਹਾ ਹੈ। ਮੰਤਰੀ ਏਰਿਕਾ ਸਟੈਨਫੋਰਡ ਨੇ ਇਹ ਟਿੱਪਣੀ ਹਾਲ ਹੀ ਵਿੱਚ ਸੰਸਦ ਵਿੱਚ ਭਾਰਤੀ ਪ੍ਰਵਾਸੀਆਂ ਦਾ ਹਵਾਲਾ ਦਿੰਦੇ ਹੋਏ ਗਲਤ ਈਮੇਲ ਭੇਜਣ ਨਾਲ ਸਬੰਧਤ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕੀਤੀ। ਉਸ ਦੀ ਟਿੱਪਣੀ 'ਤੇ ਨਾਰਾਜ਼ਗੀ ਵਧਦੀ ਜਾ ਰਹੀ ਹੈ।

ਭਾਰਤੀ ਮੂਲ ਦੀ ਲੇਬਰ ਪਾਰਟੀ ਦੀ ਸੰਸਦ ਮੈਂਬਰ ਪ੍ਰਿਯੰਕਾ ਰਾਧਾਕ੍ਰਿਸ਼ਨਨ ਨੇ ਸਟੈਨਫੋਰਡ ਦੀ ਟਿੱਪਣੀ ਦੀ ਆਲੋਚਨਾ ਕੀਤੀ ਹੈ ਅਤੇ ਇਸ ਨੂੰ ਲਾਪਰਵਾਹੀ ਭਰੀ ਅਤੇ ਪੱਖਪਾਤੀ ਕਿਹਾ ਹੈ। ਕਈ ਹੋਰ ਸੰਗਠਨਾਂ ਨੇ ਵੀ ਉਸ ਦੀ ਟਿੱਪਣੀ ਨੂੰ ਨਸਲਵਾਦੀ ਕਿਹਾ ਹੈ। ਆਲੋਚਨਾ ਦਾ ਸਾਹਮਣਾ ਕਰਨ ਤੋਂ ਬਾਅਦ ਸਟੈਨਫੋਰਡ ਨੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਹੈ ਕਿ ਉਸ ਦੇ ਬਿਆਨ ਨੂੰ ਗਲਤ ਸਮਝਿਆ ਗਿਆ ਸੀ। ਉਸਦਾ ਇਰਾਦਾ ਕਿਸੇ ਨੂੰ ਦੁੱਖ ਪਹੁੰਚਾਉਣ ਦਾ ਨਹੀਂ ਸੀ। ਪ੍ਰਿਯੰਕਾ ਰਾਧਾਕ੍ਰਿਸ਼ਨਨ ਤੋਂ ਇਲਾਵਾ ਕਈ ਹੋਰ ਸੰਸਦ ਮੈਂਬਰਾਂ ਨੇ ਵੀ ਉਸ ਦੀ ਟਿੱਪਣੀ ਦਾ ਸਖ਼ਤ ਵਿਰੋਧ ਕੀਤਾ ਹੈ।



ਇਕ ਰਿਪੋਰਟ ਅਨੁਸਾਰ ਏਰਿਕਾ ਸਟੈਨਫੋਰਡ ਨੇ ਹਾਲ ਹੀ ਵਿੱਚ ਮੰਨਿਆ ਹੈ ਕਿ ਉਸਨੇ ਆਪਣੇ ਨਿੱਜੀ ਜੀਮੇਲ ਖਾਤੇ 'ਤੇ ਅਧਿਕਾਰਤ ਮੇਲ ਭੇਜਿਆ ਸੀ। ਨਿਊਜ਼ੀਲੈਂਡ ਨੈਸ਼ਨਲ ਪਾਰਟੀ ਦੇ ਸੰਸਦ ਮੈਂਬਰ ਅਤੇ ਮੰਤਰੀ ਸਟੈਨਫੋਰਡ ਸੰਸਦ ਵਿੱਚ ਗਲਤੀ ਦਾ ਜਵਾਬ ਦੇ ਰਹੇ ਸਨ। ਇਸ ਦੌਰਾਨ ਉਸ ਨੇ ਭਾਰਤੀਆਂ ਬਾਰੇ ਵੀ ਟਿੱਪਣੀ ਕੀਤੀ। ਉਸਨੇ ਕਿਹਾ ਕਿ ਉਹ ਕਦੇ ਵੀ ਭਾਰਤੀਆਂ ਤੋਂ ਆਉਣ ਵਾਲੇ ਈਮੇਲ ਨਹੀਂ ਖੋਲ੍ਹਦੀ। ਉਹ ਇਸਨੂੰ ਸਪੈਮ ਸਮਝਦੀ ਹੈ। ਸਟੈਨਫੋਰਡ ਨੇ ਕਿਹਾ,"ਮੈਂ ਇਹ ਸਵੀਕਾਰ ਕਰਾਂਗੀ ਕਿ ਮੈਨੂੰ ਭਾਰਤ ਵਿੱਚ ਲੋਕਾਂ ਤੋਂ ਕੈਲਵਿਨ ਡੇਵਿਸ ਕੇਸ ਬਾਰੇ ਇਮੀਗ੍ਰੇਸ਼ਨ ਸਲਾਹ ਮੰਗਣ ਵਾਲੇ ਬਹੁਤ ਸਾਰੇ ਅਣਚਾਹੇ ਈਮੇਲ ਮਿਲਦੇ ਹਨ, ਜਿਨ੍ਹਾਂ ਦਾ ਮੈਂ ਕਦੇ ਜਵਾਬ ਨਹੀਂ ਦਿੰਦੀ। ਮੈਂ ਉਹਨਾਂ ਨੂੰ ਸਪੈਮ ਸਮਝਦੀ ਹਾਂ ਅਤੇ ਇਸ ਲਈ ਉਹ ਈਮੇਲ ਉੱਥੇ ਹੀ ਰਹਿ ਜਾਂਦੇ ਹਨ।''






# ਧੋਬੀ ਦਾ ਗਧਾ



ਇੱਕ ਦਿਨ ਅਕਬਰ, ਬੀਰਬਲ ਆਪਣੇ ਦੋ ਪੁੱਤਾਂ ਦੇ ਨਾਲ ਨਹਾਉਣ ਲਈ ਨਦੀ ਤੇ ਗਏ। ਉਹਨਾਂ ਨੇ ਬੀਰਬਲ ਨੂੰ ਆਪਣੇ ਕੱਪੜੇ ਫ਼ੜਨ ਲਈ ਆਖਿਆ। ਉਹਨਾਂ ਨੇ ਆਪਣੇ ਕੱਪੜੇ ਲਾਹਕੇ ਬੀਰਬਲ ਨੂੰ ਦੇ ਦਿੱਤੇ ਅਤੇ ਨਦੀ ਵਿੱਚ ਜਾ ਵੜੇ।

ਬੀਰਬਲ ਨਦੀ ਕੰਢੇ ਬੈਠੇ ਮੋਢੇ ਤੇ ਉਹਨਾਂ ਦੇ ਕੱਪੜੇ ਰੱਖਕੇ ਇੰਤਜਾਰ ਕਰਨ ਲੱਗਿਆ। ਅਕਬਰ, ਬੀਰਬਲ ਦੇ ਵੱਲੀਂ ਵੇਖਕੇ ਸੋਚਣ ਲੱਗੇ ਅਤੇ ਬੋਲੇ, "ਤੁਸੀਂ ਤਾਂ ਕੱਪੜਿਆਂ ਦੇ ਭਾਰ ਨਾਲ ਲੱਦੇ ਧੋਬੀ ਦੇ ਗਧੇ ਵਰਗੇ ਲੱਗਦੇ ਹੋ।"

ਬੀਰਬਲ ਨੇ ਫ਼ੌਰਨ ਜਵਾਬ ਦਿੱਤਾ, "ਮੈਂ ਇੱਕ ਨਹੀਂ, ਤਿੰਨ-ਤਿੰਨ ਗਧਿਆਂ ਦਾ ਭਾਰ ਚੁੱਕ ਰੱਖਿਆ ਹੈ,"

ਬਾਦਸ਼ਾਹ ਲਾਜਵਾਬ ਹੋ ਗਏ।

ਸਿੱਖਿਆ : ਤੁਰੰਤ ਹਾਸੇ-ਮਖ਼ੌਲ ਵਿੱਚ ਦਿੱਤਾ ਗਿਆ ਜਵਾਬ ਤੁਹਾਨੂੰ ਅਜੀਬ ਪਰਸਥਿਤੀਆਂ ਵਿੱਚੋਂ ਨਿਕਲਣ ਵਾਸਤੇ ਸਹਾਇਤਾ ਕਰਦਾ ਹੈ ਬੀਰਬਲ ਨੇ ਬਾਦਸ਼ਾਹ ਨੂੰ ਥੋੜੇ ਜਿਹੇ ਸ਼ਬਦਾਂ ਵਿੱਚ ਇਹ ਦੱਸ ਦਿੱਤਾ ਕਿ ਉਹਨਾਂ ਨੂੰ ਆਪਣੇ ਮੰਤਰੀਆਂ ਪਰਿਵਾਰ ਦੇ ਕੱਪੜਿਆਂ ਦਾ ਬੰਝ ਦੇਣਾ ਚੰਗਾ ਨਹੀਂ ਲੱਗਦਾ ਜੇਕਰ ਬਾਦਸ਼ਾਹ ਬੀਰਬਰ ਨੂੰ ਬਾਦਸ਼ਾਹ ਦੀ ਬੇਇੱਜ਼ਤੀ ਕਰਨ ਦੇ ਲਈ ਸਜ਼ਾ ਦਿੰਦੇ ਤਾਂ ਬੀਰਬਲ ਵੀ ਢੁੱਕਵੇਂ ਜਵਾਬ ਦੇ ਲਈ ਤਿਆਰ ਰਹਿੰਦੇ। ਬੀਰਬਲ ਦੀ ਸਮਝਦਾਰੀ ਇਸ ਗੱਲ ਤੇ ਜ਼ੋਰ ਦਿੰਦੀ ਹੈ, "ਸਾਨੂੰ ਦੂਜਿਆਂ ਨੂੰ ਅਜਿਹਾ ਨਹੀਂ ਕਹਿਣਾ ਚਾਹੀਦਾ, ਜੋ ਅਸੀਂ ਦੂਜਿਆਂ ਨੂੰ ਆਪਣੇ ਆਪ ਨੂੰ ਨਹੀਂ ਆਖਣ ਦੇਣਾ ਚਾਹੁੰਦੇ।"

ਸ ਾ ਨੂੰ ਪ੍ਰਬੰਧਨ ਦੇ ਵਾਸਤੇ ਨਿਯਮ ਬਣਾਉਂਦੇ ਵਕਤ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ, "ਕੀ ਅਸੀਂ ਵੀ ਉਹਨਾਂ ਨਿਯਮਾਂ ਦੀ ਪਾਲਣਾ ਕਰ ਸਕਦੇ ਹਾਂ।"













# ਕੈਨੇਡੀਅਨ ਸੂਬੇ ‘ਚ ਜੰਗਲ ਦੀ ਅੱਗ ਕਾਰਨ ਐਲਾਨੀ ਗਈ ਐਮਰਜੈਂਸੀ



ਵਿਨੀਪੈਗ - ਕੈਨੇਡਾ ਦੇ ਸੂਬੇ ਮੈਨੀਟੋਬਾ ਵਿਚ ਇਕ ਵਾਰ ਫਿਰ ਜੰਗਲ ਦੀ ਅੱਗ ਭੜਕ ਪਈ ਹੈ। ਸਥਿਤੀ ਨੂੰ ਗੰਭੀਰਤਾ ਨੂੰ ਦੇਖਦਿਆਂ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਗਿਆ ਹੈ। ਹਾਲ ਹੀ ਵਿਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮਦਦ ਲਈ ਫੌਜ ਭੇਜਣ ‘ਤੇ ਸਹਿਮਤੀ ਦੇ ਦਿੱਤੀ ਹੈ। ਇਸ ‘ਤੇ ਪ੍ਰੀਮੀਅਰ ਵੈਬ ਕੀਨਿਊ ਨੇ ਖੁਸ਼ੀ ਪ੍ਰਗਟ ਕੀਤੀ।

ਮੈਨੀਟੋਬਾ ਦੇ ਪ੍ਰੀਮੀਅਰ ਵੈਬ ਕੀਨਿਊ ਨੇ ਕਿਹਾ ਕਿ ਅੱਗ ਨੇ ਕਈ ਭਾਈਚਾਰਿਆਂ ਦੇ 17,000 ਲੋਕਾਂ ਨੂੰ ਭੱਜਣ ਲਈ ਮਜਬੂਰ ਕੀਤਾ। ਇਹ ਮੈਨੀਟੋਬਾ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਨਿਕਾਸੀ ਹੈ। ਲੋਕਾਂ ਦੀ ਵੱਡੀ ਗਿਣਤੀ ਕਾਰਨ ਇੱਥੇ ਫੌਜ ਨੂੰ ਮਦਦ ਲਈ ਬੁਲਾਇਆ ਜਾ ਰਿਹਾ ਹੈ। ਐਮਰਜੈਂਸੀ ਘੋਸ਼ਣਾ ਅਧਿਕਾਰੀਆਂ ਨੂੰ ਸੁਰੱਖਿਅਤ ਢੰਗ ਨਾਲ ਖਾਲੀ ਕਰਵਾਉਣ ਵਾਲਿਆਂ ਨੂੰ ਲਿਜਾਣ ਅਤੇ ਪਨਾਹ ਪ੍ਰਦਾਨ ਕਰਨ ਵਿੱਚ ਮਦਦ ਕਰਦੀ ਹੈ।

ਸਸਕੈਚਵਾਨ ਦੇ ਕ੍ਰਾਈਟਨ ਦੇ 1,200 ਨਿਵਾਸੀਆਂ ਨੂੰ ਵੀ ਸੁਰੱਖਿਅਤ ਥਾਂ ‘ਤੇ ਜਾਣ ਦਾ ਹੁਕਮ ਦਿੱਤਾ ਗਿਆ ਸੀ। ਮੈਨੀਟੋਬਾ ਵਿੱਚ 22 ਸਰਗਰਮ ਜੰਗਲੀ ਅੱਗਾਂ ਹਨ। ਅਧਿਕਾਰੀਆਂ ਨੇ ਕਿਹਾ ਕਿ ਕੈਨੇਡਾ ਭਰ ਤੋਂ ਫਾਇਰਫਾਈਟਰ ਅੱਗ ਬੁਝਾਉਣ ਵਿੱਚ ਮਦਦ ਕਰ ਰਹੇ ਹਨ। ਅਮਲੇ ਨੂੰ ਅੱਗ ‘ਤੇ ਕਾਬੂ ਪਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਐਤਵਾਰ ਨੂੰ ਪਾਰਕਸ ਕੈਨੇਡਾ ਦਾ ਇੱਕ ਫਾਇਰਫਾਈਟਰ ਗੰਭੀਰ ਜ਼ਖਮੀ ਹੋ ਗਿਆ। ਇਸ ਸਾਲ ਹੁਣ ਤੱਕ ਮੈਨੀਟੋਬਾ ਵਿੱਚ 102 ਅੱਗਾਂ ਲੱਗੀਆਂ ਹਨ। ਕੈਨੇਡਾ ਦਾ ਜੰਗਲੀ ਅੱਗ ਦਾ ਸੀਜ਼ਨ ਮਈ ਤੋਂ ਸਤੰਬਰ ਤੱਕ ਚੱਲਦਾ ਹੈ। ਇਸਦਾ ਹੁਣ ਤੱਕ ਦਾ ਸਭ ਤੋਂ ਭਿਆਨਕ ਜੰਗਲੀ ਅੱਗ ਦਾ ਸੀਜ਼ਨ 2023 ਵਿੱਚ ਸੀ, ਜਿਸਨੇ ਉੱਤਰੀ ਅਮਰੀਕਾ ਦੇ ਬਹੁਤ ਸਾਰੇ ਹਿੱਸੇ ਨੂੰ ਮਹੀਨਿਆਂ ਤੱਕ ਖਤਰਨਾਕ ਧੂੰਏਂ ਨਾਲ ਦਬਾ ਦਿੱਤਾ।

# ਨਿਊਜ਼ੀਲੈਂਡ ਜਲ ਸੈਨਾ ਟਾਸਕ ਫੋਰਸ ਨੇ ਅਰਬ ਸਾਗਰ ‘ਚ ਜ਼ਬਤ ਕੀਤੇ ਨਸ਼ੀਲੇ ਪਦਾਰਥ



ਨਿਊਜ਼ੀਲੈਂਡ ਦੀ ਅਗਵਾਈ ਵਾਲੀ ਜਲ ਸੈਨਾ ਟਾਸਕ ਫੋਰਸ ਨੇ ਮੱਧ ਪੂਰਬ ਵਿੱਚ $1 ਬਿਲੀਅਨ ਦੇ ਨਸ਼ੀਲੇ ਪਦਾਰਥ ਜ਼ਬਤ ਕਰਕੇ ਸਾਲ ਦਾ ਸਭ ਤੋਂ ਵੱਧ ਮੁੱਲ ਦਾ ਨਸ਼ੀਲਾ ਪਦਾਰਥ ਫੜਿਆ ਹੈ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚ ਇੱਕ ਟਨ ਹੈਰੋਇਨ, 660 ਕਿਲੋਗ੍ਰਾਮ ਹਸ਼ੀਸ਼ ਅਤੇ 6 ਕਿਲੋਗ੍ਰਾਮ ਐਮਫੇਟਾਮਾਈਨ ਸ਼ਾਮਿਲ ਹੈ। ਬ੍ਰਿਟਿਸ਼ ਰਾਇਲ ਨੇਵੀ ਫ੍ਰੀਗੇਟ ਐਚਐਮਐਸ ਲੈਂਕੈਸਟਰ ਨੇ ਪਿਛਲੇ ਹਫ਼ਤੇ ਸੰਯੁਕਤ ਸਮੁੰਦਰੀ ਟਾਸਕ ਫੋਰਸ 150 (ਸੀਟੀਐਫ 150) ਵਿੱਚ ਆਪਣੇ ਕਾਰਜਾਂ ਦੇ ਹਿੱਸੇ ਵਜੋਂ ਉੱਤਰੀ ਅਰਬ ਸਾਗਰ ਵਿੱਚ ਇੱਕ ਸ਼ੱਕੀ ਸਮੁੰਦਰੀ ਜਹਾਜ਼ ਦੀ ਪਛਾਣ ਕੀਤੀ ਸੀ।

ਨਿਊਜ਼ੀਲੈਂਡ ਡਿਫੈਂਸ ਫੋਰਸ ਨੇ ਕਿਹਾ ਕਿ ਰਾਇਲ ਮਰੀਨ ਡੌਅ ‘ਤੇ ਚੜ੍ਹੇ ਜਦੋਂ ਇੱਕ ਵਾਈਲਡਕੈਟ ਹੈਲੀਕਾਪਟਰ ਰਾਇਲ ਮਰੀਨ ਸਨਾਈਪਰ ਟੀਮ ਦੇ ਨਾਲ ਉਨ੍ਹਾਂ ਨੂੰ ਕਵਰ ਕਰ ਰਿਹਾ ਸੀ। ਇੱਕ ਵਾਰ ਜਦੋਂ ਛੇ ਚਾਲਕ ਦਲ ਨੂੰ ਸੁਰੱਖਿਅਤ ਕਰ ਲਿਆ ਗਿਆ, ਤਾਂ ਮਰੀਨ ਨੂੰ 1000 ਕਿਲੋਗ੍ਰਾਮ ਹੈਰੋਇਨ ਵਾਲੇ 50 ਪੈਕੇਜ, 660 ਕਿਲੋਗ੍ਰਾਮ ਹਸ਼ੀਸ਼ ਵਾਲੇ 55 ਪੈਕੇਜ ਅਤੇ 6 ਕਿਲੋਗ੍ਰਾਮ ਐਮਫੇਟਾਮਾਈਨ ਗੋਲੀਆਂ ਮਿਲੀਆਂ।

ਨਸ਼ੀਲੇ ਪਦਾਰਥਾਂ ਨੂੰ ਜਾਂਚ ਅਤੇ ਨਿਪਟਾਰੇ ਲਈ ਜਹਾਜ਼ ਵਿੱਚ ਵਾਪਸ ਲਿਜਾਇਆ ਗਿਆ। ਲੈਂਕੈਸਟਰ ਦੇ ਕਮਾਂਡਿੰਗ ਅਫਸਰ, ਕਮਾਂਡਰ ਕ੍ਰਿਸ ਚਿਊ ਨੇ ਆਪਣੇ ਚਾਲਕ ਦਲ ਦੀ ਪ੍ਰੇਰਣਾ, ਵਚਨਬੱਧਤਾ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ।

# ਸੀਰੀਆ ‘ਚ ਲੰਬੇ ਸਮੇਂ ਤੋਂ ਬੰਦ ਅਮਰੀਕੀ ਰਾਜਦੂਤ ਦੀ ਰਿਹਾਇਸ਼ ਮੁੜ ਖੁੱਲ੍ਹੀ



ਦਮਿਸ਼ਕ - ਸੀਰੀਆ ਦੇ ਦਮਿਸ਼ਕ ਵਿੱਚ ਲੰਬੇ ਸਮੇਂ ਤੋਂ ਬੰਦ ਅਮਰੀਕੀ ਰਾਜਦੂਤ ਦੀ ਰਿਹਾਇਸ਼ ਦੇ ਬਾਹਰ ਵੀਰਵਾਰ ਨੂੰ ਅਮਰੀਕੀ ਝੰਡਾ ਲਹਿਰਾਇਆ ਗਿਆ, ਜੋ ਕਿ ਵਾਸ਼ਿੰਗਟਨ ਅਤੇ ਨਵੀਂ ਸੀਰੀਆਈ ਸਰਕਾਰ ਵਿਚਕਾਰ ਵਧਦੇ ਸਬੰਧਾਂ ਦਾ ਸੰਕੇਤ ਹੈ। ਸੀਰੀਆ ਦੀ ਸਰਕਾਰੀ ਸਮਾਚਾਰ ਏਜੰਸੀ ਸਾਨਾ ਅਨੁਸਾਰ ਤੁਰਕੀ ਵਿੱਚ ਅਮਰੀਕੀ ਰਾਜਦੂਤ ਅਤੇ ਸੀਰੀਆ ਲਈ ਨਵੇਂ ਨਿਯੁਕਤ ਵਿਸ਼ੇਸ਼ ਦੂਤ ਟੌਮ ਬੈਰਕ, ਰਿਹਾਇਸ਼ ਦਾ ਉਦਘਾਟਨ ਕਰਨ ਲਈ ਪਹੁੰਚੇ।

ਅਮਰੀਕਾ ਨੇ ਦਮਿਸ਼ਕ ਵਿੱਚ ਆਪਣਾ ਦੂਤਘਰ ਰਸਮੀ ਤੌਰ ‘ਤੇ ਨਹੀਂ ਖੋਲ੍ਹਿਆ ਹੈ। ਇਸਨੂੰ 2012 ਵਿੱਚ ਤਤਕਾਲੀ ਰਾਸ਼ਟਰਪਤੀ ਬਸ਼ਰ ਅਲ-ਅਸਦ ਦੀ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਬੰਦ ਕਰ ਦਿੱਤਾ ਗਿਆ ਸੀ। ਪਰ ਬੈਰਕ ਦੀ ਫੇਰੀ ਅਤੇ ਝੰਡਾ ਲਹਿਰਾਉਣ ਨੂੰ ਗਰਮਜੋਸ਼ੀ ਵਾਲੇ ਸਬੰਧਾਂ ਦੇ ਇੱਕ ਮਹੱਤਵਪੂਰਨ ਸੰਕੇਤ ਵਜੋਂ ਦੇਖਿਆ ਜਾਂਦਾ ਹੈ। ਵਾਸ਼ਿੰਗਟਨ ਸ਼ੁਰੂ ਵਿੱਚ ਸੀਰੀਆ ਦੇ ਨਵੇਂ ਨੇਤਾਵਾਂ ਤੋਂ ਸੁਚੇਤ ਸੀ, ਜਿਨ੍ਹਾਂ ਦੀ ਅਗਵਾਈ ਇੱਕ ਇਸਲਾਮੀ ਬਾਗੀ ਸਮੂਹ ਦੇ ਸਾਬਕਾ ਨੇਤਾ ਅਹਿਮਦ ਅਲ-ਸ਼ਾਰਾ ਕਰ ਰਹੇ ਸਨ, ਜਿਸਨੂੰ ਅਮਰੀਕਾ ਅਜੇ ਵੀ ਇੱਕ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕਰਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਰਿਆਧ ਵਿੱਚ ਅਲ-ਸ਼ਾਰਾ ਨਾਲ ਇੱਕ ਮੀਟਿੰਗ ਕੀਤੀ। ਅਮਰੀਕਾ ਨੇ ਅਸਦ ਦੇ ਸ਼ਾਸਨ ਅਧੀਨ ਦਹਾਕਿਆਂ ਤੋਂ ਸੀਰੀਆ ‘ਤੇ ਲਗਾਈਆਂ ਗਈਆਂ ਪਾਬੰਦੀਆਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਮਰੀਕੀ ਵਿਦੇਸ਼ ਵਿਭਾਗ ਨੇ ਵੀਰਵਾਰ ਨੂੰ X ‘ਤੇ ਇੱਕ ਬਿਆਨ ਪੋਸਟ ਕੀਤਾ, ਜਿਸ ਵਿੱਚ ਟਰੰਪ ਵੱਲੋਂ ਸੀਰੀਆ ਵਿੱਚ ਰਾਜਦੂਤ ਵਜੋਂ ਬੈਰਕ ਦੀ ਨਿਯੁਕਤੀ ਦੇ ਐਲਾਨ ਦਾ ਹਵਾਲਾ ਦਿੱਤਾ ਗਿਆ।

ਬਿਆਨ ਵਿੱਚ ਕਿਹਾ ਗਿਆ ਹੈ, “ਟੌਮ ਸਮਝਦਾ ਹੈ ਕਿ ਸੀਰੀਆ ਨਾਲ ਮਿਲ ਕੇ ਕੰਮ ਕਰਨ ਨਾਲ ਕੱਟੜਪੰਥ ਨੂੰ ਰੋਕਣ, ਸਬੰਧਾਂ ਨੂੰ ਬਿਹਤਰ ਬਣਾਉਣ ਅਤੇ ਮੱਧ ਪੂਰਬ ਵਿੱਚ ਸ਼ਾਂਤੀ ਸਥਾਪਤ ਕਰਨ ਦੀ ਬਹੁਤ ਸੰਭਾਵਨਾ ਹੈ। ਇਕੱਠੇ ਮਿਲ ਕੇ ਅਸੀਂ ਅਮਰੀਕਾ ਅਤੇ ਦੁਨੀਆ ਨੂੰ ਦੁਬਾਰਾ ਸੁਰੱਖਿਅਤ ਬਣਾਵਾਂਗੇ!”

# 21 ਸਾਲਾ ਔਰਤ ਬਣੀ ਆਸਟ੍ਰੇਲੀਆ ਦੀ ਛੋਟੀ ਉਮਰ ਦੀ ਸੈਨੇਟਰ



ਮੈਲਬੌਰਨ - ਆਸਟ੍ਰੇਲੀਆ ਵਿਚ 21 ਸਾਲ ਦੀ ਹੋਣ ਵਾਲੀ ਮਹਿਲਾ ਨੂੰ ਦੇਸ਼ ਦੀ ਸਭ ਤੋਂ ਛੋਟੀ ਉਮਰ ਦੀ ਸੈਨੇਟਰ ਘੋਸ਼ਿਤ ਕੀਤਾ ਗਿਆ ਹੈ। ਇਹ ਘੋਸ਼ਣਾ ਮਈ ਵਿੱਚ ਆਸਟ੍ਰੇਲੀਆ ਦੀਆਂ ਸੰਘੀ ਚੋਣਾਂ ਵਾਲੇ ਦਿਨ ਕੀਤੀ ਗਈ। ਜਾਣਕਾਰੀ ਮੁਤਾਬਕ ਆਸਟ੍ਰੇਲੀਆ ਵਿੱਚ ਚੋਣ ਲੜਨ ਵਾਲੀਆਂ ਬਹੁਤ ਸਾਰੀਆਂ ਮਹਿਲਾ ਉਮੀਦਵਾਰਾਂ ਵਾਂਗ ਸ਼ਾਰਲੋਟ ਵਾਕਰ ਦੇ ਜਿੱਤਣ ਦੀ ਉਮੀਦ ਨਹੀਂ ਸੀ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੂੰ ਉਮੀਦ ਹੈ ਕਿ 22 ਜੁਲਾਈ ਨੂੰ ਨਵੀਂ ਸੰਸਦ ਦੇ ਪਹਿਲੇ ਬੈਠਣ ‘ਤੇ ਸੈਨੇਟ ਅਤੇ ਪ੍ਰਤੀਨਿਧੀ ਸਭਾ ਵਿੱਚ 57 ਪ੍ਰਤੀਸ਼ਤ ਲੇਬਰ ਕਾਨੂੰਨਸਾਜ਼ ਔਰਤਾਂ ਹੋਣਗੀਆਂ। ਸਰਕਾਰ ਵਿੱਚ ਅਲਬਾਨੀਜ਼ ਦੇ ਪਹਿਲੇ ਕਾਰਜਕਾਲ ਦੌਰਾਨ ਔਰਤਾਂ ਦਾ ਅਨੁਪਾਤ 52 ਪ੍ਰਤੀਸ਼ਤ ਸੀ।

ਆਸਟ੍ਰੇਲੀਆਈ ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਅਧਿਕਾਰਤ ਤੌਰ ‘ਤੇ ਪੋਲ ਦਾ ਐਲਾਨ ਕੀਤਾ। ਵਾਕਰ ਨੇ ਕਿਹਾ ਕਿ ਨਵੀਂ ਨੌਕਰੀ ਇੱਕ “ਵੱਡਾ ਸਮਾਯੋਜਨ” ਹੋਵੇਗੀ, ਜੋ 1 ਜੁਲਾਈ ਤੋਂ ਆਪਣਾ ਛੇ ਸਾਲ ਦਾ ਕਾਰਜਕਾਲ ਸ਼ੁਰੂ ਕਰਦੀ ਹੈ। ਇੱਕ ਸੰਘੀ ਕਾਨੂੰਨਸਾਜ਼ ਦੀ ਮੂਲ ਤਨਖਾਹ ਸਾਲਾਨਾ 205,000 ਆਸਟ੍ਰੇਲੀਅਨ ਡਾਲਰ (133,000 ਅਮਰੀਕੀ ਡਾਲਰ) ਤੋਂ ਵੱਧ ਹੈ।

ਵਾਕਰ ਨੇ ਸੋਮਵਾਰ ਦੇਰ ਰਾਤ ਨਤੀਜਿਆਂ ਦਾ ਐਲਾਨ ਹੋਣ ਤੋਂ ਬਾਅਦ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ ਕਿ ਉਹ ਦੱਖਣੀ ਆਸਟ੍ਰੇਲੀਆਈ ਲੋਕਾਂ ਲਈ ਇੱਕ ਚੰਗਾ ਕੰਮ ਕਰਨਾ ਚਾਹੁੰਦੀ ਹੈ, ਪਰ ਉਹ ਨੌਜਵਾਨਾਂ ਖਾਸ ਕਰਕੇ ਨੌਜਵਾਨ ਔਰਤਾਂ ਨੂੰ ਇਹ ਵੀ ਦਿਖਾਉਣਾ ਚਾਹੁੰਦੀ ਹਾਂ ਕਿ ਔਰਤ ਉਹ ਮੁਕਾਮ ਹਾਸਲ ਕਰ ਸਕਦੀ ਹੈ ਜੋ ਉਹ ਚਾਹੁੰਦੀ ਹੈ। ਮੈਂ ਸੱਚਮੁੱਚ ਉਤਸ਼ਾਹਿਤ ਵੀ ਹਾਂ।

ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਵਾਕਰ ਤੋਂ ਪਹਿਲਾਂ ਸਭ ਤੋਂ ਛੋਟੀ ਉਮਰ ਦੇ ਸੈਨੇਟਰ ਗ੍ਰੀਨ ਪਾਰਟੀ ਦੇ ਜੋਰਡਨ ਸਟੀਲ-ਜੌਨ ਸਨ, ਜੋ 2017 ਵਿੱਚ 23 ਸਾਲ ਦੀ ਉਮਰ ਵਿੱਚ ਪੱਛਮੀ ਆਸਟ੍ਰੇਲੀਆ ਰਾਜ ਲਈ ਚੁਣੇ ਗਏ ਸਨ। ਆਸਟ੍ਰੇਲੀਆ ਦੇ ਸਭ ਤੋਂ ਛੋਟੀ ਉਮਰ ਦੇ ਸੰਘੀ ਕਾਨੂੰਨਸਾਜ਼ ਵਿਆਟ ਰਾਏ ਸਨ, ਜੋ 2010 ਵਿੱਚ 20 ਸਾਲ ਦੀ ਉਮਰ ਵਿੱਚ ਪ੍ਰਤੀਨਿਧੀ ਸਭਾ ਲਈ ਚੁਣੇ ਗਏ ਸਨ।

ਉਹ ਆਪਣੀ ਕੁਈਨਜ਼ਲੈਂਡ ਰਾਜ ਸੀਟ ਤੋਂ ਬਾਹਰ ਹੋਣ ਤੋਂ ਪਹਿਲਾਂ ਦੋ ਤਿੰਨ ਸਾਲਾਂ ਦੇ ਕਾਰਜਕਾਲ ਤੱਕ ਰਹੇ।







# ਗਵਾਂਢ ਮੱਥਾ
## ਭਾਰਤ-ਪਾਕਿਸਤਾਨ ਸੰਬੰਧ:

ਭਾਰਤ ਅਤੇ ਪਾਕਿਸਤਾਨ—ਇਹ ਦੋਹਾਂ ਮੁਲਕਾਂ ਦੇ ਰਿਸ਼ਤੇ ਇਤਿਹਾਸ ਦੀ ਧੂੜ ਵਿੱਚ ਲੁਕੀਆਂ ਟੁੱਟੀਆਂ ਹੋਈਆਂ ਲਕੀਰਾਂ ਵਾਂਗ ਹਨ। ਇੱਕ ਹੀ ਧਰਤੀ ਤੋਂ ਜੰਮੇ ਇਹ ਦੋ ਰਾਸ਼ਟਰ, ਵੰਡ ਦੀ ਅਵਿਵਸਥਾ 'ਚ ਐਸੇ ਵੰਡੇ ਗਏ ਕਿ ਦਰਦ ਦੀਆਂ ਲਕੀਰਾਂ ਅੱਜ ਤੱਕ ਨਹੀਂ ਮੁੱਕੀਆਂ। ਕਦੇ ਵਾਪਾਰਕ ਗੱਲਾਂ, ਕਦੇ ਕਲਚਰਲ ਮੁਲਾਕਾਤਾਂ, ਤੇ ਕਦੇ ਜੰਗਾਂ ਅਤੇ ਤਨਾਅ—ਇਹਨਾਂ ਰਿਸ਼ਤਿਆਂ ਦੀ ਮਿਠਾਸ ਅਤੇ ਕਰਵਾਹਟ ਦੋਹਾਂ ਮੁਲਕਾਂ ਦੇ ਬਾਸ਼ਿੰਦਿਆਂ ਨੇ ਭਲੀ ਭਾਂਤ ਹੰਢਾਈ ਹੈ। ਜਿਹੜੇ ਹਥਿਆਰਾਂ ਦੇ ਖਿਲਾਫ ਫ਼ੈਸਲੇ ਹੋਣੇ ਸਨ, ਉੱਥੇ ਅੱਤਵਾਦ ਦੀਆਂ ਤੰਦਾਂ ਨੇ ਸਿਆਸਤਦਾਨਾਂ ਦੇ ਹੱਥ ਫੜ ਲਏ। ਸੱਚ ਪੁੱਛੋ ਤਾਂ, ਇਹ ਰਿਸ਼ਤਾ ਸਮਝ ਤੋਂ ਪਰੇ ਹੈ—ਇੱਕ ਅਜਿਹਾ ਰਾਜਨੀਤਿਕ ਰਿਸਤਾ ਜੋ ਕਦੇ ਵਟਾਂਦਰੇ ਦੀਆਂ ਉਮੀਦਾਂ ਨੂੰ ਜਨਮ ਦੇਂਦਾ ਹੈ, ਤੇ ਕਦੇ ਬਾਰੂਦ ਦੀ ਬੂ ਆਉਣ ਲੱਗ ਪੈਂਦੀ ਹੈ। ਪਰ ਜਿਵੇਂ ਰਾਤ ਦੇ ਬਾਅਦ ਸਵੇਰ ਜ਼ਰੂਰ ਆਉਂਦੀ ਹੈ, ਇਨ੍ਹਾਂ ਦੋਹਾਂ ਦੇ ਰਿਸ਼ਤੇ ਵੀ ਕਿਸੇ ਦਿਨ ਸ਼ਾਂਤੀ ਦੇ ਨਵੇਂ ਪੰਨੇ 'ਚ ਲਿਖੇ ਜਾਣਗੇ—ਇਹੀ ਉਮੀਦ ਰਖਦੇ ਹਾਂ ।ਪਰ ਬੇਕਸੂਰ ਲੋਕਾਂ ਦਾ ਅਸ਼ਾਂਤੀ ਫੈਲਾਉਣ ਵਾਲੇ ਅਨਸਰਾਂ ਤੇ ਉਨਾਂ ਦੇ ਸਿਆਸੀ ਪਿੱਠ ਥਾਪੜੀਆਂ ਦੀ ਨੀਤੀ ਸਦਾ ਘਿਨਾਉਣੀ ਸੀ ਤੇ ਰਹੇਗੀ। ਇਸ ਵਾਰੀ ਤਾਂ ਪਾਕਿਸਤਾਨ ਦਾ ਪੂਰੇ ਦਾ ਪੂਰਾ ਝੁੱਗਾ ਚੌੜ ਹੀ ਹੋ ਚੁੱਕਿਆ ਹੈ। ਇਸਦੀਆਂ ਲੂੰਬੜ ਚਾਲਾਂ ਨੂੰ ਸਾਰਾ ਜਹਾਨ ਜਾਨ ਚੁੱਕਿਆ ਹੈ।

### ਪੜੋਸੀ: ਮਿੱਠੇ ਵੀ ਉਹੀ, ਤੇ ਕੌੜੇ ਵੀ ਉਹੀ:-

ਸਾਡੇ ਭਾਰਤੀ ਤੇ ਪੰਜਾਬੀ ਸਭਿਆਚਾਰ ਵਿੱਚ ਪੜੋਸੀ ਕੋਈ ਵਿਅਕਤੀ ਨਹੀਂ ਹੁੰਦਾ, ਉਹ ਤਾਂ ਘਰ ਦਾ ਅੱਧਾ ਹਿੱਸਾ ਹੁੰਦਾ ਹੈ। ਕਦੇ ਇੱਕ ਦੇ ਘਰ ਦਾਲ ਪੱਕੀ ਤਾਂ ਦੂਜੇ ਨੇ ਚੌਲ ਤਿਆਰ ਕਰ ਲਏ। ਇੱਕ ਦੀ ਕਾਰ ਦੂਜੇ ਦੀ ਲੋੜ ਲਈ ਤਿਆਰ, ਤੇ ਇਥੇ ਤੱਕ ਕਿ ਇੱਕ ਦੂਜੇ ਦੇ ਕੱਪੜੇ ਵੀ ਮੰਗਕੇ ਪਾ ਲਏ ਜਾਂਦੇ ਹਨ ਪਰ ਜਿਵੇਂ ਹੀ ਕਿਸੇ ਗੱਲ 'ਤੇ ਥੋੜ੍ਹੀ ਜਿਹੀ ਤਕਰਾਰ ਹੋ ਜਾਵੇ, ਤਾਂ ਸਾਰੇ ਬਿੱਲੀ ਦੀ ਪੂੰਛ ਵਾਂਗ ਖੜੇ ਹੋ ਜਾਂਦੇ ਤੇ ਫਿਰ ਦੁਆ ਨਾ ਸਲਾਮ ਤੇ ਨਾ ਹੀ ਦਿਲ ਦੀ ਕੋਈ ਗੱਲ। ਹੁਣ ਜੇ ਪੜੋਸੀ ਰਸੋਈ 'ਚ ਚਾਹ ਪੀ ਰਿਹਾ ਹੋਵੇ, ਤਾਂ ਅਸੀਂ ਪੱਖਾ ਵੀ ਬੰਦ ਕਰ ਦਿੰਦੇ ਹਾਂ ਕਿ ਸੁਣ ਨਾ ਲਏ! ਕਈ ਵਾਰੀ ਤਾਂ ਇਹ ਤਕੜੀ ਰਣਨੀਤੀ ਹੁੰਦੀ ਹੈ ਕਿ ਮੂੰਹ ਮੋੜ ਲੈਣਾ ਹੀ ਸਬ ਤੋਂ ਵੱਡੀ ਜੰਗ ਜਿੱਤ ਲੈਣੀ। ਤੇ ਜੇ ਰਾਹ ਵਿੱਚ ਮਿਲ ਜਾਣ, ਤਾਂ ਅੱਖਾਂ ਇੰਝ ਹਟਾਈਆਂ ਜਾਂਦੀਆਂ ਜਿਵੇਂ ਕੋਈ ਏਲੀਅਨ ਵੇਖ ਲਿਆ ਹੋਵੇ। ਇਹ ਤਕਰਾਰ ਵੀ ਸਾਡੀ ਜਿੰਦਗੀ ਦਾ ਰੰਗ ਹੈ—ਜਿੱਥੇ ਮਿੱਠੇ ਰਿਸ਼ਤੇ ਕਦੇ ਹੰਝੂ ਲਿਆਉਂਦੇ ਹਨ, ਤੇ ਕਦੇ ਹਾਸਾ ਵੀ। ਅਸਲ ਵਿੱਚ, ਸਾਡੇ ਪੰਜਾਬੀ ਪੜੋਸੀ ਗੱਲ ਗੱਲ 'ਚ "ਵੈਰੀ" ਵੀ ਬਣ ਜਾਂਦੀ ਤੇ ਦਾਤੇ ਵੀ! ਪਾਕਿਸਤਾਨ ਤੇ ਭਾਰਤ ਵਿੱਚ ਇਸੇ ਤਰਾਂ ਦਾ ਚਲਨ ਬਣ ਚੁੱਕਾ ਹੈ। ਸਮਝ ਨਹੀਂ ਆਉਂਦੀ ਇਸਨੂੰ ਕੀ ਕਿਹਾ ਜਾਵੇ। ਜੋ ਵੀ ਹੈ ਸਾਡੇ ਗਵਾਂਢੀ ਮੁਲਕ ਨੂੰ ਥੋੜੀ ਜਿਹੀ ਸਮਝ ਦਾ ਇਜ਼ਹਾਰ ਤਾਂ ਕਰਨਾ ਹੀ ਚਾਹੀਦਾ ਹੈ। ਜੇ ਅਸੀਂ ਰੰਬਾ ਬਣਾਉਂਦੇ ਹਾਂ ਤਾਂ ਉਹ ਵੀ ਬਣਾ ਲੈਂਦਾ ਹੈ, ਜੇ ਅਸੀਂ ਪ੍ਰਾਤ ਬਣਾਉਂਦੇ ਹਾਂ ਤਾਂ ਉਹ ਦਾਤ ਬਣਾਉਂਦਾ ਹੈ। ਜੇ ਸਾਡੇ ਲੋਕ ਸਿੱਖਿਆ ਵਿੱਚ ਅੱਗੇ ਵਧਦੇ ਹਨ ਤਾਂ,ਉਹ ਆਪਣੇ ਮਦਰੱਸਿਆਂ ਵਿੱਚ ਬੱਚਿਆਂ ਨੂੰ ਹਥਿਆਰ ਚਲਾਉਣ ਦੀ ਤਾਲੀਮ ਤੇ ਜੇਹਾਦ ਦੇ ਨਾਂ ਤੇ ਕੁਰਬਾਨ ਹੋਣ ਤੇ ਕਤਲੇਆਮ ਕਰਨ ਦੀ ਸਿੱਖਿਆ ਵਿੱਚ ਵਾਧਾ ਕਰ ਦਿੰਦੇ ਹਨ ਹਨ। ਜੇ ਅਸੀਂ ਪੂਜਾ ਪਾਠ, ਜਾਪ ਧਰਮ ਕਰਮ ਦੀ ਸਿੱਖਿਆ ਤੇ ਜ਼ੋਰ ਦਿੰਦੇ ਹਾਂ ਤਾਂ ਉਹ ਕੱਟੜਵਾਦ ਨੂੰ ਵਧਾਵਾ ਦਿੰਦੇ ਹਨ।ਜੋ ਵੀ ਹੋਵੇ ਕੋਈ ਜਾਤ,ਧਰਮ, ਮਜ਼ਹਬ ਦੂਸਰੇ ਦਾ ਨਾਜਾਇਜ਼ ਖ਼ੂਨ ਕਰਨ ਦੀ ਸ਼ਾਹਦੀ ਨਹੀਂ ਭਰਦਾ । ਜਿਸ ਤਰਾਂ ਪਿੱਛੇ ਜਿਹੇ ਪਾਕਿਸਤਾਨੀ

ਸ਼ਹਿ ਅੰਦਰ ਰਹਿ ਰਹੇ ਅੱਤਵਾਦੀਆਂ ਨੇ 26 ਤੋਂ ਚਾਲੀ ਦੇ ਵਿਚਕਾਰ ਬੇਕਸੂਰ ਹਿੰਦੂਆਂ ਨੂੰ ਧਰਮ ਪੁਛ ਪੁੱਛਕੇ ਖਤਮ ਕਰ ਦਿੱਤਾ ਸੀ । ਇਹ ਕੋਈ ਬਹਾਦਰੀ ਨਹੀਂ ਨਾ ਹੀ ਕਿਸੇ ਨੂੰ ਡਰਾਉਣ ਤੇ ਧਮਕਾਉਣ ਦਾ ਕੋਈ ਤਰੀਕਾ ਹੈ।ਇਹ ਇੱਕ ਕਾਇਰਤਾ ਤੋਂ ਵਧਕੇ ਹੋਰ ਕੁਝ ਨਹੀਂ।



### ਪਾਕਿਸਤਾਨ ਵਿੱਚਲੀ ਗਿਰਦੀ ਮਾਲੀ ਹਾਲਤ :-

ਪਾਕਿਸਤਾਨ ਇਸ ਵੇਲੇ ਇੱਕ ਐਸੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਜਿੱਥੇ ਆਰਥਿਕ ਬੇਚੈਨੀ ਨੇ ਹਰ ਵਰਗ ਦੇ ਇਨਸਾਨ ਨੂੰ ਜਕੜ 'ਚ ਲੈ ਲਿਆ ਹੈ। ਰੁਪਏ ਦੀ ਕਦਰ ਥੱਲੇ ਡਿਗਦੀ ਜਾ ਰਹੀ ਹੈ, ਮਹਿੰਗਾਈ ਨੇ ਆਮ ਆਦਮੀ ਦੀ ਰੋਟੀ ਖੋਹ ਲਈ ਹੈ, ਤੇ ਨੌਜਵਾਨ ਬੇਰੋਜ਼ਗਾਰੀ ਦੇ ਹਨੇਰੇ ਵਿਚ ਭਟਕ ਰਹੇ ਹਨ। ਸਰਕਾਰੀ ਖਜ਼ਾਨਾ ਖਾਲੀ ਹੋ ਚੁੱਕਾ ਹੈ, ਜਦਕਿ ਵੱਡੀਆਂ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਲੈਣ ਵਾਲੀਆਂ ਰਕਮਾਂ ਦੀਆਂ ਸ਼ਰਤਾਂ ਲੋਕਾਂ ਦੀ ਜਿੰਦਗੀ ਤੇ ਹੋਰ ਵੀ ਭਾਰੀ ਪੈ ਰਹੀਆਂ ਹਨ। ਇਹ ਹਾਲਾਤ ਸਿਰਫ ਸੰਖਿਆਵਾਂ ਦੀ ਗੱਲ ਨਹੀਂ, ਇਹ ਉਨ੍ਹਾਂ ਅੱਖਾਂ ਦੀ ਗੱਲ ਹੈ ਜੋ ਹਰ ਰੋਜ਼ ਆਪਣੀ ਉਮੀਦ ਨੂੰ ਮਰਦੇ ਵੇਖਦੀਆਂ ਹਨ। ਏਸ ਦੌਰ ਨੂੰ ਬਚਾਉਣ ਲਈ ਨਾ ਸਿਰਫ ਨਵੀਂ ਸੋਚ ਦੀ ਲੋੜ ਹੈ, ਸਗੋਂ ਇਮਾਨਦਾਰ ਰਾਸ਼ਟਰਪੱਧਰੀ 'ਸੋਚ ਦੀ ਸਖ਼ਤ ਲੋੜ ਹੈ।

ਪਾਕਿਸਤਾਨ ਵਿਚ ਅੱਜਕੱਲ੍ਹ ਜੋ ਸਿਆਸੀ, ਫੌਜੀ ਅਤੇ ਧਾਰਮਿਕ ਅਗਵਾਈ ਹੇਠ ਮੁਹਿੰਮਾਂ ਚਲ ਰਹੀਆਂ ਹਨ, ਉਹ ਕਿਸੇ ਵੀ ਤਰ੍ਹਾਂ ਦੇ ਰਾਸ਼ਟਰੀ ਵਿਕਾਸ ਜਾਂ ਖੇਤਰੀ ਸ਼ਾਂਤੀ ਵੱਲ ਨਹੀਂ, ਸਗੋਂ ਤਬਾਹੀ, ਅੱਤਵਾਦ ਅਤੇ ਹਥਿਆਰਾਂ ਦੇ ਜ਼ਖੀਰੇ ਵੱਲ ਨੂੰ ਲੈ ਕੇ ਜਾ ਰਹੀਆਂ ਹਨ। ਇਨ੍ਹਾਂ ਮੁਹਿੰਮਾਂ ਨੇ ਸਿਰਫ ਆਪਣੀ ਧਰਤੀ ਨੂੰ ਹੀ ਨਹੀਂ, ਸਗੋਂ ਆਸਪਾਸ ਦੇ ਦੇਸ਼ਾਂ ਨੂੰ ਵੀ ਅਸ਼ਾਂਤੀ ਅਤੇ ਖ਼ਤਰੇ ਦੀ ਘਿਨੌਣੀ ਝਲਕ ਵਿਖਾਈ ਹੈ। ਜੋ ਕਿ ਖ਼ਾਸ ਕਰਕੇ ਭਾਰਤ ਦੇ ਖਿਲਾਫ ਚਲਾਈ ਜਾਂਦੀ ਹੈ। ਇਹ ਤਸਵੀਰ ਸਾਨੂੰ ਦੱਸਦੀ ਹੈ ਕਿ ਜਿੱਥੇ ਲੋਕ ਭੁੱਖ, ਬੇਰੋਜ਼ਗਾਰੀ ਅਤੇ ਅਗਿਆਨਤਾ ਨਾਲ ਲੜ ਰਹੇ ਹਨ, ਉੱਥੇ ਹਕੂਮਤਾਂ ਆਪਣੀਆਂ ਨਾਕਾਮੀਆਂ ਨੂੰ ਓਹਨਾ ਮੁਹਿੰਮਾਂ ਰਾਹੀਂ ਢੱਕਣ ਦੀ ਕੋਸ਼ਿਸ਼ ਕਰ ਰਹੀਆਂ ਹਨ ਜੋ ਮਨੁੱਖਤਾ ਲਈ ਇੱਕ ਖ਼ਤਰਾ ਬਣ ਰਹੀਆਂ ਹਨ। ਇਨ੍ਹਾਂ ਹਾਲਾਤਾਂ ਵਿੱਚ ਸੰਤੁਲਨ ਤੇ ਸੱਚਾਈ ਨੂੰ ਸਮਝਣਾ, ਅਤੇ ਅਮਨ ਨੂੰ ਸਿਰਮੌਰ ਥਾਂ ਰੱਖਣ ਦੀ ਸਭ ਤੋਂ ਵੱਡੀ ਲੋੜ ਹੈ।

### ਤੱਤਸਾਰ :-

ਇਹ ਲੇਖ ਲਿਖਣ ਦਾ ਮੇਰਾ ਮਕਸਦ , ਕਦੇ ਵੀ ,ਕੇਵਲ ਤੇ ਕੇਵਲ ਪਾਕਿਸਤਾਨੀ ਜਨਤਾ ਦੀ ਨਿਖੇਦੀ ਕਰਨਾ ਨਹੀਂ ਹੈ , ਸਗੋਂ ਉਥੇ ਦੇ ਅਸਲੀ ਹਾਲਾਤਾਂ ਨੂੰ ਉਜਾਗਰ ਕਰਕੇ , ਦੁਨੀਆਂ ਨੂੰ, ਇਸ ਮੁਲਕ ਦੀ ਸਿਆਸੀ ਤੇ ਜਨਤਕ ਹਕੀਕਤ ਵਿਚਲੇ ਵੱਡੇ ਪਾੜੇ ਦੀ ਤਸਵੀਰ ਪੇਸ਼ ਕਰਨਾ ਹੈ। ਇਥੇ ਮੈਂ ,ਆਪਣੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਵੇਲੇ ਦੀ ਪਾਕਿਸਤਾਨ ਫੇਰੀ ਤੇ ਉਥੋਂ ਦੇ ਆਮ ਲੋਕਾਂ ਵੱਲੋਂ ਮਿਲੇ ਨਿੱਘੇ ਅਪਣੱਤ ਦਾ ਜ਼ਿਕਰ ਜ਼ਰੂਰ ਕਰਾਂਗੀ। ਜਦੋਂ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਘਰ, ਪਹੁੰਚੇ ਤਾਂ ਇੰਮੀਗ੍ਰੇਸ਼ਨ ਕਲੀਅਰ ਕਰਵਾਉਣ ਵੇਲੇ ਹੀ , ਡਿਊਟੀ ਤੇ ਤੈਨਾਤ ਵੀਰਾਂ ਭੈਣਾਂ ਨੇ ਬੜੇ ਹੀ ਸਤਿਕਾਰ ਹਿਤ ਪੇਸ਼ ਆ ਕੇ ਸਾਡੀ ਪੂਰੇ ਦਿਲੋਂ, ਮੁਸਕੁਰਾਹਟ ਨਾਲ ਮਦਦ ਕੀਤੀ। ਇਸੇ ਤਰਾਂ ਗੁਰੂ ਘਰ ਵਿੱਚ ਕੰਮ ਕਰ ਰਹੇ ਹਰ ਬਾਸ਼ਿੰਦੇ ਨੇ ਅੱਗੇ ਵਧ ਵਧ ਕੇ ਸਾਡੇ ਨਾਲ ਗੱਲਾਂ ਕਰਨੀਆਂ ਚਾਹੀਆਂ, ਬਹੁਤ ਕੁਝ ਜਾਨਣਾ ਚਾਹਿਆ ਤੇ ਕਈ ਤਾਂ ਆਪਣੇ ਭਾਰਤੀ ਪਿਛੋਕੜ ਨੂੰ ਯਾਦ ਕਰ, ਸਾਡੇ ਗਲ ਲੱਗ ਰੋਣ ਹੀ ਲੱਗ ਪਏ। ਉਨਾਂ ਦੇ ਇਸ ਨਿਰਛਲ ਪਿਆਰ ਤੇ ਆਪਣੇਪਣ ਨੂੰ ਵੇਖਕੇ ਸਾਡੀਆਂ ਅੱਖਾਂ ਵੀ ਸੇਜਲ ਹੋ ਗਈਆਂ।ਇਸ ਸਭ ਕੁਝ ਤੋਂ ਇਹੋ ਤੱਤ ਨਿਕਲਦਾ ਹੈ ਕਿ ਚੰਦ ਸਿਆਸੀ,ਧਾਰਮਿਕ ਕੱਟੜਪੰਥੀਆਂ ਤੇ ਨਫਾਖੋਰੀਆਂ ਨੂੰ ਛੱਡ ਕੇ ,ਬਾਕੀ ਸਾਰੇ, ਧਰਤੀ ਦੇ ਸੀਨੇ ਤੇ ਵੱਜੀ ਲਕੀਰ ਨੂੰ ਦਿਲਾਂ ਤੇ ਵੱਜੀ ਉਹ ਲਕੀਰ ਮਹਿਸੂਸ ਦੇ ਹਨ ਜੋ ਪਿਛਲੇ 75 ਸਾਲਾਂ ਤੋਂ ਰਿਸ ਰਹੀ ਹੈ।

ਨਰੇਸ਼ ਕੁਮਾਰੀ ਸ਼ਰਮਾ
+02041755894



# ਅਮਰੀਕੀ ਉੱਦਮ ਪੂੰਜੀ ਫਰਮ ਐਕਸਪਰਟ ਡੋਜੋ 10 ਭਾਰਤੀ ਸਟਾਰਟਅੱਪਸ 'ਚ 100 ਹਜ਼ਾਰ ਡਾਲਰ ਦਾ ਕਰੇਗੀ ਨਿਵੇਸ਼

ਬੰਗਲੁਰੂ- ਅਮਰੀਕਾ ਸਥਿਤ ਸ਼ੁਰੂਆਤੀ-ਪੜਾਅ ਵਾਲੀ ਉੱਦਮ ਪੂੰਜੀ ਫਰਮ ਐਕਸਪਰਟ ਡੋਜੋ ਨੇ ਮੰਗਲਵਾਰ ਨੂੰ ਭਾਰਤ ਨੂੰ ਸਮਰਪਿਤ ਇੱਕ ਸਟਾਰਟਅੱਪ ਸਮੂਹ ਲਾਂਚ ਕੀਤਾ। ਇਸ ਦੇ ਤਹਿਤ ਇਹ ਤਕਨਾਲੋਜੀ, ਏਆਈ, ਈਵੀ ਅਤੇ ਬੀ2ਬੀ ਵਰਗੇ ਖੇਤਰਾਂ ਵਿੱਚ 10 ਤੋਂ ਵੱਧ ਸਟਾਰਟਅੱਪਾਂ ਵਿੱਚ ਹਰੇਕ ਲਈ $100,000 ਦਾ ਨਿਵੇਸ਼ ਕਰੇਗਾ।

ਕੰਪਨੀ ਨੇ ਕਿਹਾ ਕਿ ਸਮੂਹ ਦਾ ਉਦੇਸ਼ ਗਲੋਬਲ ਪੂੰਜੀ ਤੱਕ ਸੀਮਤ ਪਹੁੰਚ, ਅੰਤਰਰਾਸ਼ਟਰੀ ਮਾਰਗਦਰਸ਼ਨ ਦੀ ਘਾਟ ਅਤੇ ਸੀਮਤ ਬਾਜ਼ਾਰ ਪਹੁੰਚ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਭਾਰਤੀ ਸੰਸਥਾਪਕਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਹੈ।

ਇਹ ਲਾਂਚ ਐਕਸਪਰਟ ਡੋਜੋ ਦੁਆਰਾ ਭਾਰਤ-ਕੇਂਦ੍ਰਿਤ $15 ਮਿਲੀਅਨ ਫੰਡ ਦੀ ਪਹਿਲਾਂ ਕੀਤੀ ਗਈ ਘੋਸ਼ਣਾ ਤੋਂ ਬਾਅਦ ਕੀਤਾ ਗਿਆ ਹੈ ਜੋ ਵਿੱਤੀ ਸਾਲ 26 ਤੱਕ 20-25 ਸ਼ੁਰੂਆਤੀ-ਪੜਾਅ ਵਾਲੇ ਸਟਾਰਟਅੱਪਾਂ ਵਿੱਚ ਨਿਵੇਸ਼ ਕਰਨ ਦੀ ਯੋਜਨਾ ਬਣਾ ਰਿਹਾ ਹੈ। ਹਾਲਾਂਕਿ ਇਹ ਫੰਡ ਸੈਕਟਰ-ਵਿਸ਼ੇਸ਼ ਨਹੀਂ ਹੈ, ਪਰ ਇਹ ਫਿਨਟੈਕ, ਸਾਸ, ਬੀ2ਬੀ ਅਤੇ ਏਆਈ ਵਰਗੇ ਉੱਚ-ਸੰਭਾਵੀ ਖੇਤਰਾਂ 'ਤੇ ਕੇਂਦ੍ਰਤ ਕਰੇਗਾ, ਜਿਸ ਨਾਲ ਸੰਸਥਾਪਕਾਂ ਨੂੰ ਸਰਹੱਦਾਂ ਤੋਂ ਪਰੇ ਵਿਸਤਾਰ ਕਰਨ ਵਿੱਚ ਮਦਦ ਮਿਲੇਗੀ।

ਇਹ ਸਮੂਹ ਸ਼ੁਰੂਆਤੀ-ਪੜਾਅ ਵਾਲੇ ਸਟਾਰਟਅੱਪਾਂ ਨੂੰ ਉਨ੍ਹਾਂ ਦੇ ਕਾਰੋਬਾਰੀ ਮਾਡਲਾਂ ਨੂੰ ਮਜ਼ਬੂਤ ਕਰਨ, ਨਵੇਂ ਬਾਜ਼ਾਰਾਂ ਵਿੱਚ ਦਾਖਲ ਹੋਣ ਅਤੇ ਉਨ੍ਹਾਂ ਦੇ ਅਗਲੇ ਫੰਡਿੰਗ ਦੌਰ ਨੂੰ ਤੇਜ਼ੀ ਨਾਲ ਵਧਾਉਣ ਵਿੱਚ ਮਦਦ ਕਰੇਗਾ। ਐਕਸਪਰਟ ਡੋਜੋ ਦੇ ਸੰਸਥਾਪਕ ਅਤੇ ਪ੍ਰਬੰਧਕੀ ਸਾਥੀ ਬ੍ਰਾਇਨ ਮੈਕਮਹੋਨ ਨੇ ਕਿਹਾ, "ਜਿਵੇਂ ਕਿ ਸਟਾਰਟਅੱਪ ਦੁਨੀਆ ਸਿਲੀਕਾਨ ਵੈਲੀ ਤੋਂ ਪਰੇ ਫੈਲਦੀ ਜਾ ਰਹੀ ਹੈ, ਅਸੀਂ ਭਾਰਤ ਵਰਗੇ ਖੇਤਰਾਂ ਵਿੱਚ ਬਹੁਤ ਸੰਭਾਵਨਾਵਾਂ ਦੇਖਦੇ ਹਾਂ, ਜਿੱਥੇ ਨਵੀਨਤਾ ਵਧ ਰਹੀ ਹੈ।



ਹੁਣ ਐਪਲੀਕੇਸ਼ਨਾਂ ਖੁੱਲ੍ਹਣ ਨਾਲ, ਅਸੀਂ ਅਜਿਹੇ ਦਲੇਰ ਸੰਸਥਾਪਕਾਂ ਨੂੰ ਲੱਭਣ ਲਈ ਉਤਸ਼ਾਹਿਤ ਹਾਂ ਜੋ ਆਪਣੇ ਵਿਚਾਰਾਂ ਨੂੰ ਸੰਕਲਪ ਤੋਂ ਵਿਸ਼ਵ ਪੱਧਰ 'ਤੇ ਲੈ ਜਾਣ ਲਈ ਤਿਆਰ ਹਨ।"

ਆਸ਼ੂਤੋਸ਼ ਕੁਮਾਰ, ਜਨਰਲ ਪਾਰਟਨਰ, ਐਕਸਪਰਟ ਡੋਜੋ ਨੇ ਕਿਹਾ, "ਭਾਰਤ ਸਾਡੇ ਲਈ ਸਿਰਫ਼ ਇੱਕ ਬਾਜ਼ਾਰ ਨਹੀਂ ਹੈ, ਇਹ ਸਾਡੀ ਤਰਜੀਹ ਹੈ। ਅਸੀਂ ਟੀਅਰ-1 ਸ਼ਹਿਰਾਂ ਤੋਂ ਦੇਸ਼ ਦੇ ਦੂਰ-ਦੁਰਾਡੇ ਕੋਨਿਆਂ ਤੱਕ ਨਵੀਨਤਾ ਦੀ ਇੱਕ ਸ਼ਕਤੀਸ਼ਾਲੀ ਲਹਿਰ ਨੂੰ ਉੱਭਰਦੇ ਹੋਏ ਦੇਖਦੇ ਹਾਂ, ਜਿਸਦੀ ਅਗਵਾਈ ਅਜਿਹੇ ਸੰਸਥਾਪਕਾਂ ਦੁਆਰਾ ਕੀਤੀ ਜਾਂਦੀ ਹੈ ਜੋ ਜ਼ਮੀਨੀ ਪੱਧਰ 'ਤੇ ਅਸਲ ਸਮੱਸਿਆਵਾਂ ਨੂੰ ਸਮਝਦੇ ਹਨ।" ਇਸਦੇ ਵਿਕਾਸ ਐਕਸਲੇਟਰ ਅਤੇ ਫੰਡ ਨੇ ਪਹਿਲਾਂ ਹੀ 40 ਤੋਂ ਵੱਧ ਦੇਸ਼ਾਂ ਦੇ 300 ਤੋਂ ਵੱਧ ਸਟਾਰਟਅੱਪਸ ਦਾ ਸਮਰਥਨ ਕੀਤਾ ਹੈ।






## ਟੋਲ ਪਲਾਜ਼ਾ 'ਤੇ ਚੈਕਿੰਗ ਦੌਰਾਨ ਕਾਰ 'ਚੋਂ ਮਿਲਿਆ ਇੰਨਾ ਕੈਸ਼, ਲਿਆਉਣੀ ਪੈ ਗਈ ਨੋਟ ਗਿਣਨ ਵਾਲੀ ਮਸ਼ੀਨ



ਨੈਸ਼ਨਲ ਡੈਸਕ- ਯੂਪੀ ਦੇ ਮਥੁਰਾ 'ਚ ਚੈਕਿੰਗ ਦੌਰਾਨ ਇਕ ਕਾਰ 'ਚੋਂ ਕਰੀਬ ਡੇਢ ਕਰੋੜ ਰੁਪਏ ਅਤੇ 450 ਗ੍ਰਾਮ ਸੋਨਾ ਬਰਾਮਦ ਹੋਇਆ। ਇੰਨੀ ਵੱਡੀ ਗਿਣਤੀ 'ਚ ਕੈਸ਼ ਬਰਾਮਦ ਹੋਣ ਦੇ ਚਲਦੇ ਇਨਕਮ ਟੈਕਸ ਵਿਭਾਗ ਦੀ ਟੀਮ ਨੂੰ ਨੋਟ ਗਿਣਨ ਵਾਲੀ ਮਸ਼ੀਨ ਲਿਆਉਣੀ ਪੈ ਗਈ। ਟੀਮ ਨੂੰ ਪੈਸੇ ਗਿਣਨ 'ਚ ਕਰੀਬ ਦੋ ਘੰਟੇ ਲੱਗ ਗਏ। ਫਿਲਹਾਲ, ਕਾਰ ਸਵਾਰ ਇਕ ਨੌਜਵਾਨ ਨੂੰ ਹਿਰਾਸਤ 'ਚ ਲਿਆ ਗਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਦੱਸ ਦੇਈਏ ਕਿ ਪੂਰਾ ਮਾਮਲਾ ਮਾਂਟ ਥਾਣਾ ਖੇਤਰ ਸਥਿਤ ਯਮੁਨਾ ਐਕਸਪ੍ਰੈਸਵੇ ਦੇ ਜਾਬਰਾ ਟੋਲ ਪਲਾਜ਼ਾ ਦਾ ਹੈ, ਜਿਥੇ ਚੈਕਿੰਗ ਦੌਰਾਨ ਕਾਰ 'ਚੋਂ ਮੋਟੀ ਰਕਮ ਬਰਾਮਦ ਹੋਈ ਹੈ। ਕੈਸ਼ ਦੇ ਨਾਲ ਕਰੀਬ ਅੱਧਾ ਕਿੱਲੋ ਸੋਨਾ ਵੀ ਮਿਲਿਆ ਹੈ। ਕੈਸ਼ ਗਿਣਨ ਲਈ ਮਸ਼ੀਨ ਲਿਆਂਦੀ ਗਈ ਸੀ, ਜਿਸ ਨਾਲ ਕਰੀਬ ਦੋ ਘੰਟਿਆਂ 'ਚ ਗਿਣਤੀ ਪੂਰੀ ਹੋਈ ਅਤੇ ਪਤਾ ਲੱਗਾ ਕਿ ਕੁੱਲ 1 ਕਰੋੜ 49 ਲੱਖ ਰੁਪਏ ਕੈਸ਼ ਹੈ।

ਦਰਅਸਲ, ਇਨਕਮ ਟੈਕਸ ਵਿਭਾਗ ਅਤੇ ਪੁਲਸ ਨੂੰ ਸੂਚਨਾ ਮਿਲੀ ਕਿ ਮਥੁਰਾ ਦੇ ਥਾਣਾ ਗੋਵਿੰਦ ਨਗਰ ਖੇਤਰ ਦੇ ਮਾਧਵ ਕੁੰਝ ਨਿਵਾਸੀ ਦੀਪਕ ਖੰਡੇਲਵਾਲ ਦਿੱਤੀ ਤੋਂ ਚਾਂਦੀ ਲਿਆ ਕੇ ਆਗਰਾ ਵੇਚਦਾ ਹੈ। ਉਹ ਚਾਂਦੀ ਵਿਕਰੀ ਦੇ ਰੁਪਏ ਲੈ ਕੇ ਦਿੱਲੀ ਵੀ ਜਾਂਦਾ ਹੈ। ਅਜਿਹੇ 'ਚ ਮਥੁਰਾ ਦੀ ਥਾਣਾ ਮਾਂਟ ਪੁਲਸ ਨੇ ਟੋਲ ਪਲਾਜ਼ਾ 'ਤੇ ਨਾਕਾਬੰਦੀ ਕਰਾਈ ਅਤੇ ਮਥੁਰਾ ਵੱਲੋਂ ਆ ਰਹੀ ਸਵਿਫਟ ਕਾਰ ਨੂੰ ਰੋਕ ਕੇ ਉਸਦੀ ਤਲਾਸ਼ੀ ਲਈ। ਜਿਸ ਵਿੱਚੋਂ ਵੱਡੀ 'ਚ ਨਕਦੀ ਅਤੇ ਸੋਨਾ ਬਰਾਮਦ ਹੋਇਆ।

ਇਸ ਮਾਮਲੇ ਵਿੱਚ ਐੱਸ. ਪੀ. ਦਿਹਾਤੀ ਸੁਰੇਸ਼ ਚੰਦ ਰਾਵਤ ਨੇ ਕਿਹਾ ਕਿ ਇਨਪੁੱਟ ਦੇ ਆਧਾਰ 'ਤੇ ਆਮਦਨ ਕਰ ਵਿਭਾਗ ਅਤੇ ਮਾਂਟ ਪੁਲਸ ਨੇ ਸਵਿਫਟ ਕਾਰ ਵਿੱਚੋਂ 1 ਕਰੋੜ, 49 ਲੱਖ ਰੁਪਏ ਅਤੇ ਲਗਭਗ ਅੱਧਾ ਕਿਲੋ ਸੋਨਾ ਬਰਾਮਦ ਕੀਤਾ ਹੈ। ਪੈਸੇ ਅਤੇ ਸੋਨਾ ਬਰਾਮਦ ਹੋਣ ਤੋਂ ਬਾਅਦ ਚਾਂਦੀ ਦੇ ਕਾਰੋਬਾਰੀ ਦੀਪਕ ਖੰਡੇਲਵਾਲ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਨੋਟਿਸ ਦੇ ਕੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਟੀਮ ਵਿੱਚ ਆਮਦਨ ਕਰ ਅਧਿਕਾਰੀ ਲੋਕੇਸ਼ ਉਤਪ੍ਰੇਤੀ, ਆਮਦਨ ਕਰ ਇੰਸਪੈਕਟਰ ਰੰਜਨ ਸੈਣੀ, ਘਣਸ਼ਿਆਮ ਰਾਠੌਰ, ਸੰਦੀਪ ਗੁਪਤਾ, ਸ਼ਿਵਮ ਸ਼੍ਰੀਵਾਸਤਵ ਸ਼ਾਮਲ ਸਨ।

## EPFO ਖ਼ਾਤਾਧਾਰਕਾਂ ਨੂੰ ਮਿਲਣਗੀਆਂ ਬੈਂਕ ਵਰਗੀਆਂ ਸਹੂਲਤਾਂ

ਬਿਜ਼ਨਸ ਡੈਸਕ : ਕਰਮਚਾਰੀ ਭਵਿੱਖ ਨਿਧੀ ਸੰਗਠਨ (EPFO) ਹੁਣ ਇੱਕ ਨਵਾਂ ਡਿਜੀਟਲ ਯੁੱਗ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਹੈ। EPFO 3.0 ਨਾਮਕ ਇਹ ਅਤਿ-ਆਧੁਨਿਕ ੀਠ ਪਲੇਟਫਾਰਮ ਜਲਦੀ ਹੀ ਲਾਂਚ ਕੀਤਾ ਜਾਵੇਗਾ, ਜੋ ਕਰੋੜਾਂ ਗਾਹਕਾਂ ਨੂੰ ਬੈਂਕ ਵਰਗੀਆਂ ਸਹੂਲਤਾਂ ਪ੍ਰਦਾਨ ਕਰੇਗਾ। ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ ਮਨਸੁਖ ਮਾਂਡਵੀਆ ਨੇ ਹਾਲ ਹੀ ਵਿੱਚ ਜਾਣਕਾਰੀ ਦਿੱਤੀ ਸੀ ਕਿ ਇਹ ਨਵਾਂ ਸਿਸਟਮ ਮਈ ਅਤੇ ਜੂਨ 2025 ਦੇ ਵਿਚਕਾਰ ਸ਼ੁਰੂ ਹੋ ਸਕਦਾ ਹੈ।

ਉਨ੍ਹਾਂ ਕਿਹਾ ਸੀ ਕਿ EPFO 3.0 ਇੱਕ ਅਜਿਹਾ ਭਰੋਸੇਯੋਗ ਪਲੇਟਫਾਰਮ ਹੋਵੇਗਾ ਜੋ ਆਪਣੇ 9 ਕਰੋੜ ਤੋਂ ਵੱਧ ਗਾਹਕਾਂ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ ਬਹੁਤ ਸਾਰੀਆਂ ਨਵੀਆਂ ਸਹੂਲਤਾਂ ਦੇਵੇਗਾ, ਜਿਵੇਂ ਕਿ ਦਾਅਵਿਆਂ ਦਾ ਨਿਪਟਾਰਾ ਆਟੋਮੈਟਿਕ ਹੋਵੇਗਾ, ਗਲਤੀਆਂ ਨੂੰ ਡਿਜੀਟਲ ਰੂਪ ਵਿੱਚ ਠੀਕ ਕੀਤਾ ਜਾਵੇਗਾ ਅਤੇ ਸਭ ਤੋਂ ਮਹੱਤਵਪੂਰਨ, ਤੁਸੀਂ ਸਿੱਧੇ ATM ਤੋਂ PF ਪੈਸੇ ਕਢਵਾ ਸਕੋਗੇ, ਜਿਵੇਂ ਬੈਂਕ ਖਾਤੇ ਵਿੱਚ ਰੱਖੇ ਪੈਸੇ ATM ਤੋਂ ਕਢਵਾਏ ਜਾਂਦੇ ਹਨ।

PF ਕਢਵਾਉਣ ਦੀ ਪ੍ਰਕਿਰਿਆ ਬਹੁਤ ਆਸਾਨ ਅਤੇ ਤੇਜ਼ ਹੋਵੇਗੀ: ਹੁਣ ਦਾਅਵਿਆਂ ਦਾ ਨਿਪਟਾਰਾ ਆਪਣੇ ਆਪ ਹੋ ਜਾਵੇਗਾ, ਹੱਥੀਂ ਕੰਮ ਕਰਨ ਦੀ ਕੋਈ ਲੋੜ ਨਹੀਂ ਰਹੇਗੀ।

ATM ਕਢਵਾਉਣਾ: ਜਿਵੇਂ ਹੀ ਦਾਅਵਾ ਮਨਜ਼ੂਰ ਹੋ ਜਾਂਦਾ ਹੈ, ਤੁਸੀਂ ਬੈਂਕ ਖਾਤੇ ਵਾਂਗ ATM ਤੋਂ ਆਪਣੇ ਪੈਸੇ ਕਢਵਾਉਣ ਦੇ ਯੋਗ ਹੋਵੋਗੇ।

ਡਿਜੀਟਲ ਸੁਧਾਰ: ਤੁਸੀਂ ਘਰ ਬੈਠੇ ਆਪਣੀ ਖਾਤੇ ਦੀ ਜਾਣਕਾਰੀ ਨੂੰ ਔਨਲਾਈਨ ਠੀਕ ਕਰ ਸਕਦੇ ਹੋ, ਜਿਸ ਨਾਲ ਫਾਰਮ ਭਰਨ ਦੀ ਪਰੇਸ਼ਾਨੀ ਖਤਮ ਹੋ ਜਾਵੇਗੀ।

ਸਮਾਜਿਕ ਸੁਰੱਖਿਆ ਯੋਜਨਾਵਾਂ ਦਾ ਏਕੀਕਰਨ: EPFO ਹੁਣ ਆਪਣੇ ਸਿਸਟਮ ਵਿੱਚ ਅਟਲ ਪੈਨਸ਼ਨ ਯੋਜਨਾ ਅਤੇ ਪ੍ਰਧਾਨ ਮੰਤਰੀ ਜੀਵਨ ਬੀਮਾ ਯੋਜਨਾ ਵਰਗੀਆਂ ਹੋਰ ਸਮਾਜਿਕ ਸੁਰੱਖਿਆ ਯੋਜਨਾਵਾਂ ਨੂੰ ਸ਼ਾਮਲ ਕਰਨ 'ਤੇ ਵਿਚਾਰ ਕਰ ਰਿਹਾ ਹੈ, ਤਾਂ ਜੋ ਅਸੰਗਠਿਤ ਅਤੇ ਗੈਰ-ਰਸਮੀ ਖੇਤਰ ਦੇ ਕਾਮੇ ਵੀ ਪੈਨਸ਼ਨ ਅਤੇ ਸੁਰੱਖਿਆ ਦੇ ਬਿਹਤਰ ਲਾਭ ਪ੍ਰਾਪਤ ਕਰ ਸਕਣ।

OTP ਅਧਾਰਤ ਤਸਦੀਕ: ਲੰਬੇ ਫਾਰਮਾਂ ਦੀ ਬਜਾਏ, ਹੁਣ ਤੁਸੀਂ OTP ਰਾਹੀਂ ਤੇਜ਼ ਅਤੇ ਸੁਰੱਖਿਅਤ ਬਦਲਾਅ ਕਰ ਸਕੋਗੇ।

ਕਰਮਚਾਰੀ ਰਾਜ ਬੀਮਾ ਨਿਗਮ (ESIC) ਸਿਹਤ ਸੇਵਾਵਾਂ ਦਾ ਵੀ ਵਿਸਤਾਰ ਕਰ ਰਿਹਾ ਹੈ। ਜਲਦੀ ਹੀ ESIC ਦੇ ਲਾਭਪਾਤਰੀ ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਸਰਕਾਰੀ, ਨਿੱਜੀ ਅਤੇ ਚੈਰੀਟੇਬਲ ਹਸਪਤਾਲਾਂ ਵਿੱਚ ਮੁਫਤ ਇਲਾਜ ਪ੍ਰਾਪਤ ਕਰ ਸਕਣਗੇ। ਵਰਤਮਾਨ ਵਿੱਚ, ESIC ਰਾਹੀਂ 165 ਹਸਪਤਾਲਾਂ ਵਿੱਚ ਲਗਭਗ 18 ਕਰੋੜ ਲੋਕਾਂ ਨੂੰ ਡਾਕਟਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

# ਟਰੰਪ ਦੇ ਦਖਲ ਤੋਂ ਬਾਅਦ ਭਾਰਤ-ਪਾਕਿ ਵਿਚਾਲੇ ਹੋਈ 'ਜੰਗਬੰਦੀ'

ਨਿਊਯਾਰਕ - ਟਰੰਪ ਪ੍ਰਸ਼ਾਸਨ ਨੇ ਨਿਊਯਾਰਕ ਦੀ ਇੱਕ ਅਦਾਲਤ ਨੂੰ ਦੱਸਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ "ਅਸਥਿਰ ਜੰਗਬੰਦੀ" ਤਾਂ ਹੀ ਸੰਭਵ ਹੋ ਸਕੀ, ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ "ਦਖਲਅੰਦਾਜ਼ੀ ਕੀਤੀ ਅਤੇ ਦੋਵਾਂ ਦੇਸ਼ਾਂ ਨੂੰ ਅਮਰੀਕਾ ਤੱਕ ਵਪਾਰਕ ਪਹੁੰਚ ਦੀ ਪੇਸ਼ਕਸ਼ ਕੀਤੀ ਤਾਂ ਜੋ ਇੱਕ ਪੂਰੇ ਪੈਮਾਨੇ ਦੀ ਜੰਗ ਨੂੰ ਟਾਲਿਆ ਜਾ ਸਕੇ।" ਵਣਜ ਸਕੱਤਰ ਹਾਵਰਡ ਲੁਟਨਿਕ ਨੇ ਇਹ ਟਿੱਪਣੀ ਪਿਛਲੇ ਹਫ਼ਤੇ ਅੰਤਰਰਾਸ਼ਟਰੀ ਵਪਾਰ ਅਦਾਲਤ ਨੂੰ ਸੌਂਪੇ ਗਏ ਇੱਕ ਦਸਤਾਵੇਜ਼ ਵਿੱਚ ਕੀਤੀ, ਜਿਸ ਵਿੱਚ ਉਨ੍ਹਾਂ ਦਲੀਲ ਦਿੱਤੀ ਕਿ ਟਰੰਪ ਨੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (ਿਓਓਫਅ) ਦੇ ਤਹਿਤ ਆਪਣੀਆਂ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਅਮਰੀਕੀ ਰਾਸ਼ਟਰੀ ਸੁਰੱਖਿਆ ਅਤੇ ਅਰਥਵਿਵਸਥਾ ਦੀ ਰੱਖਿਆ ਦੇ ਉਦੇਸ਼ ਲਈ ਟੈਰਿਫ ਲਗਾਉਣ ਲਈ ਕੀਤੀ ਸੀ। ਜਦਕਿ ਭਾਰਤ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਜੰਗਬੰਦੀ 'ਤੇ ਸਹਿਮਤੀ ਦੋਵਾਂ ਦੇਸ਼ਾਂ ਵਿਚਕਾਰ ਕਿਸੇ ਵੀ ਤੀਜੀ-ਧਿਰ ਦੀ ਸ਼ਮੂਲੀਅਤ ਤੋਂ ਬਿਨਾਂ ਬਣੀ ਸੀ।

ਲੁਟਨਿਕ ਨੇ ਕਿਹਾ ਕਿ ਟੈਰਿਫ ਬਣਾਈ ਰੱਖਣਾ ਰਾਸ਼ਟਰਪਤੀ ਦੀ ਅਸਲ ਗਲੋਬਲ ਕੂਟਨੀਤੀ ਕਰਨ ਦੀ ਯੋਗਤਾ ਲਈ ਬਹੁਤ ਜ਼ਰੂਰੀ ਹੈ। ਲੁਟਨਿਕ ਨੇ ਆਪਣੀ ਰਿਪੋਰਟ ਵਿੱਚ ਕਿਹਾ,"ਉਦਾਹਰਣ ਵਜੋਂ ਭਾਰਤ ਅਤੇ ਪਾਕਿਸਤਾਨ - ਦੋ ਪ੍ਰਮਾਣੂ ਸ਼ਕਤੀਆਂ ਜੋ ਸਿਰਫ਼ 13 ਦਿਨ ਪਹਿਲਾਂ ਫੌਜੀ ਕਾਰਵਾਈਆਂ ਵਿੱਚ ਰੁੱਝੀਆਂ ਹੋਈਆਂ ਸਨ - 10 ਮਈ 2025 ਨੂੰ ਇੱਕ ਅਸਥਿਰ ਜੰਗਬੰਦੀ 'ਤੇ ਪਹੁੰਚੀਆਂ। ਇਹ ਜੰਗਬੰਦੀ ਉਦੋਂ ਹੀ ਸੰਭਵ ਹੋਈ ਜਦੋਂ ਰਾਸ਼ਟਰਪਤੀ ਟਰੰਪ ਨੇ ਦਖਲ ਦਿੱਤਾ ਅਤੇ ਦੋਵਾਂ ਦੇਸ਼ਾਂ ਨੂੰ ਪੂਰੇ ਪੱਧਰ 'ਤੇ ਟਕਰਾਅ ਨੂੰ ਟਾਲਣ ਲਈ ਅਮਰੀਕਾ ਨਾਲ ਵਪਾਰ ਕਰਨ ਦੀ ਇਜਾਜ਼ਤ ਦਿੱਤੀ।" ਉਸ ਨੇ ਅੱਗੇ ਕਿਹਾ,"ਇਸ ਮਾਮਲੇ ਵਿੱਚ ਰਾਸ਼ਟਰਪਤੀ ਦੀਆਂ ਸ਼ਕਤੀਆਂ ਨੂੰ ਸੀਮਤ ਕਰਨ ਵਾਲਾ ਕੋਈ ਵੀ ਪ੍ਰਤੀਕੂਲ ਫੈਸਲਾ ਭਾਰਤ ਅਤੇ ਪਾਕਿਸਤਾਨ ਨੂੰ ਰਾਸ਼ਟਰਪਤੀ ਟਰੰਪ ਦੇ ਪ੍ਰਸਤਾਵ ਦੀ ਵੈਧਤਾ 'ਤੇ ਸਵਾਲ ਉਠਾ ਸਕਦਾ ਹੈ, ਜਿਸ ਨਾਲ ਪੂਰੇ ਖੇਤਰ ਦੀ ਸੁਰੱਖਿਆ ਅਤੇ ਲੱਖਾਂ ਲੋਕਾਂ ਦੀ ਜਾਨ ਨੂੰ ਖ਼ਤਰਾ ਹੈ।"



ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਸਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਘਟਾਉਣ ਵਿੱਚ ਮਦਦ ਕੀਤੀ ਹੈ ਅਤੇ ਪ੍ਰਮਾਣੂ ਹਥਿਆਰਾਂ ਨਾਲ ਲੈਸ ਦੱਖਣੀ ਏਸ਼ੀਆਈ ਗੁਆਂਢੀਆਂ ਨੂੰ ਕਿਹਾ ਹੈ ਕਿ ਜੇਕਰ ਉਹ ਟਕਰਾਅ ਨੂੰ ਰੋਕਦੇ ਹਨ ਤਾਂ ਅਮਰੀਕਾ ਉਨ੍ਹਾਂ ਨਾਲ ਭਾਰੀ ਵਪਾਰ ਕਰੇਗਾ। 22 ਅਪ੍ਰੈਲ ਨੂੰ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਘਾਤਕ ਅੱਤਵਾਦੀ ਹਮਲੇ ਤੋਂ ਲਗਭਗ ਦੋ ਹਫ਼ਤੇ ਬਾਅਦ ਭਾਰਤ ਨੇ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ। ਪਹਿਲਗਾਮ ਅੱਤਵਾਦੀ ਹਮਲੇ ਵਿੱਚ 26 ਨਾਗਰਿਕ ਮਾਰੇ ਗਏ ਸਨ। ਸਰਹੱਦ ਪਾਰੋਂ ਚਾਰ ਦਿਨਾਂ ਦੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ 10 ਮਈ ਨੂੰ ਫੌਜੀ ਟਕਰਾਅ ਬੰਦ ਕਰਨ ਲਈ ਸਹਿਮਤ ਹੋਏ।

# ਨਿੱਕੇ ਸਿੱਧੂ ਨੂੰ ਗੋਦੀ 'ਚ ਚੁੱਕ ਵੱਡੇ ਪੁੱਤ ਦੀ ਬਰਸੀ 'ਤੇ ਪਹੁੰਚੇ ਮਾਤਾ ਚਰਨ ਕੌਰ

ਅੱਜ ਮਰਹੂਮ ਗਾਇਕ ਸਿੱਧੂ ਮੂਸੇ ਵਾਲਾ ਦੀ ਤੀਜੀ ਬਰਸੀ ਹੈ। ਗਾਇਕ ਦੀ ਯਾਦ 'ਚ ਪਿੰਡ ਮੂਸਾ 'ਚ ਸ਼ਰਧਾਂਜਲੀ ਸਮਾਗਮ ਰੱਖਿਆ ਗਿਆ ਹੈ। ਇਸ ਦੌਰਾਨ ਮੂਸੇਵਾਲਾ ਦੇ ਚਾਹੁੰਣ ਵਾਲੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਪਹੁੰਚ ਰਹੇ ਹਨ। ਸਮਾਰੋਹ ਤੋਂ ਕੁਝ ਭਾਵੁਕ ਕਰ ਦੇਣ ਵਾਲੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਜਿਸ



'ਚ ਸਿੱਧੂ ਮੂਸੇ ਵਾਲਾ ਦੀ ਮਾਂ ਦਾ ਦਰਦ ਉਨ੍ਹਾਂ ਦੇ ਚਿਹਰੇ ਤੋਂ ਸਾਫ ਦਿਖਾਈ ਦੇ ਰਿਹਾ ਹੈ। ਇਸ ਦੌਰਾਨ ਮਾਂ ਚਰਨ ਕੌਰ ਨਿੱਕੇ ਸਿੱਧੂ ਨੂੰ ਗੋਦੀ 'ਚ ਚੁੱਕ ਵੱਡੇ ਪੁੱਤਰ ਸਿੱਧੂ ਮੂਸੇ ਵਾਲਾ ਦੀ ਬਰਸੀ 'ਤੇ ਪਹੁੰਚੇ।

ਇਸ ਮੌਕੇ ਗਾਇਕ ਦੇਵ ਖਰੌੜ, ਜਸਵਿੰਦਰ ਬਰਾੜ, ਗੁਲਾਬ ਸਿੱਧੂ ਵਰਗੀਆਂ ਮਸ਼ਹੂਰ ਸ਼ਖਸੀਅਤਾਂ ਨਮ ਅੱਖਾਂ ਨਾਲ ਸਵ. ਗਾਇਕ ਮੂਸੇ ਵਾਲਾ ਨੂੰ ਸ਼ਰਧਾਂਜਲੀ ਦੇਣ ਪਹੁੰਚੀਆਂ ਸਨ।

ਤੁਹਾਨੂੰ ਦੱਸ ਦੇਈਏ ਕਿ ਬਰਸੀ ਤੋਂ ਪਹਿਲਾਂ ਸਿੱਧੂ ਮੂਸੇ ਵਾਲਾ ਦੇ ਪਿਤਾ ਨੇ ਰਾਜਨੀਤੀ ਵਿੱਚ ਆਉਣ ਅਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਇਹ ਚੋਣ ਆਪਣੇ ਪੁੱਤਰ ਨੂੰ ਇਨਸਾਫ਼ ਦਿਵਾਉਣ ਲਈ ਲੜਣਗੇ। ਉਨ੍ਹਾਂ ਕਿਹਾ ਹੈ ਕਿ ਅੱਜ ਸੰਵਿਧਾਨ ਨੂੰ ਬਚਾਉਣ ਦੀ ਲੋੜ ਹੈ ਕਿਉਂਕਿ ਦੇਸ਼ ਭਰ 'ਚ ਦਿਨ-ਦਿਹਾੜੇ ਕਤਲ ਹੋ ਰਹੇ ਹਨ।

ਉਨ੍ਹਾਂ ਦੇ ਪੁੱਤਰ ਸ਼ੁਭਦੀਪ ਸਿੰਘ ਦਾ ਵੀ ਦਿਨ-ਦਿਹਾੜੇ ਕਤਲ ਹੋ ਗਿਆ ਸੀ ਪਰ ਅਜੇ ਤੱਕ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ ਤੇ ਆਪਣੇ ਪੁੱਤਰ ਨੂੰ ਇਨਸਾਫ਼ ਦਿਵਾਉਣ ਲਈ ਚੋਣ ਲੜਾਂਗਾ। ਇਸ ਘਟਨਾ ਵਿੱਚ ਮੂਸੇ ਵਾਲਾ ਨੂੰ ਕਈ ਗੋਲੀਆਂ ਲੱਗੀਆਂ ਅਤੇ ਹਸਪਤਾਲ ਲਿਜਾਇਆ ਗਿਆ ਪਰ ਹਸਤਪਾਲ ਪਹੁੰਚਣ ਤੋਂ ਪਹਿਲਾਂ ਹੀ ਮੂਸੇ ਵਾਲਾ ਦੀ ਮੌਤ ਹੋ ਚੁੱਕੀ ਸੀ। ਲਾਰੈਂਸ ਗੈਂਗ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਇਸ ਤੋਂ ਬਾਅਦ ਹੁਣ ਤੱਕ ਪੁਲਸ ਨੇ ਇਸ ਮਾਮਲੇ ਵਿੱਚ ਗੈਂਗਸਟਰ ਲਾਰੈਂਸ ਅਤੇ ਗੋਲਡੀ ਬਰਾੜ ਸਮੇਤ ਕੁੱਲ 36 ਲੋਕਾਂ ਨੂੰ ਨਾਮਜ਼ਦ ਕਰਕੇ ਚਾਰਜਸ਼ੀਟ ਦਾਇਰ ਕੀਤੀ ਹੈ। 30 ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਅਜੇ ਵੀ ਮੁੱਖ ਮੁਲਜ਼ਮ ਸਜ਼ਾ ਤੋਂ ਦੂਰ ਹਨ। ਸਿੱਧੂ ਦਾ ਪਰਿਵਾਰ ਅਤੇ ਪ੍ਰਸ਼ੰਸਕ ਅਜੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ।

ਉਨ੍ਹਾਂ ਦੇ ਪੁੱਤਰ ਸ਼ੁਭਦੀਪ ਸਿੰਘ ਦਾ ਵੀ ਦਿਨ-ਦਿਹਾੜੇ ਕਤਲ ਹੋ ਗਿਆ ਸੀ ਪਰ ਅਜੇ ਤੱਕ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ ਤੇ ਆਪਣੇ ਪੁੱਤਰ ਨੂੰ ਇਨਸਾਫ਼ ਦਿਵਾਉਣ ਲਈ ਚੋਣ ਲੜਾਂਗਾ।



# ਮਸ਼ਹੂਰ ਰੈਪਰ ਨੂੰ ਜਾਨੋਂ ਮਾਰਨ ਦੀ ਧਮਕੀ, ਮੰਗੀ 1 ਕਰੋੜ ਦੀ ਫਿਰੌਤੀ



ਦੇਸ਼ ਦੇ ਮਸ਼ਹੂਰ ਰੈਪਰ ਐਮੀਵੇ ਬੰਤਾਈ (ਅਸਲੀ ਨਾਮ ਮੁਹੰਮਦ ਬਿਲਾਲ ਸ਼ੇਖ) ਨੇ ਪੰਜਾਬੀ ਰੈਪਰ ਸਿੱਧੂ ਮੂਸੇਵਾਲਾ ਦੇ ਕਤਲ ਦੀ ਤੀਜੀ ਵਰ੍ਹੇਗੰਢ (26 ਮਈ) 'ਤੇ 'ਟ੍ਰਿਬਿਊਟ ਟੂ ਸਿੱਧੂ ਮੂਸੇਵਾਲਾ' ਗੀਤ ਰਿਲੀਜ਼ ਕੀਤਾ। ਇਹ ਗੀਤ ਮੂਸੇਵਾਲਾ ਨੂੰ ਸਮਰਪਿਤ ਹੈ। ਚਿੰਤਾਜਨਕ ਗੱਲ ਇਹ ਹੈ ਕਿ 25 ਮਈ ਨੂੰ ਗੀਤ ਰਿਲੀਜ਼ ਹੋਣ ਤੋਂ ਇੱਕ ਦਿਨ ਪਹਿਲਾਂ, ਐਮੀਵੇ ਬੰਤਾਈ ਨੂੰ ਉਸਦੇ ਰਜਿਸਟਰਡ ਮੋਬਾਈਲ ਨੰਬਰ 'ਤੇ ਇੱਕ ਸੁਨੇਹੇ ਰਾਹੀਂ 1 ਕਰੋੜ ਰੁਪਏ ਦੀ ਫਿਰੌਤੀ ਦੇ ਨਾਲ ਜਾਨੋਂ ਮਾਰਨ ਦੀ ਧਮਕੀ ਮਿਲੀ।

ਮੁੰਬਈ ਪੁਲਸ ਦੇ ਅਨੁਸਾਰ ਇਹ ਧਮਕੀ ਇੱਕ ਵਿਅਕਤੀ ਦੁਆਰਾ ਦਿੱਤੀ ਗਈ ਸੀ। ਫੋਨ ਕਰਨ ਵਾਲੇ ਨੇ ਆਪਣਾ ਨਾਮ ਗੋਲਡੀ ਬਰਾੜ ਵਜੋਂ ਪੇਸ਼ ਕੀਤਾ, ਜੋ ਕਿ ਕੈਨੇਡਾ ਸਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਹੈ। ਆਪਣੇ ਫੋਨ 'ਤੇ ਚੇਤਾਵਨੀ ਦਿੰਦੇ ਹੋਏ ਉਨ੍ਹਾਂ ਨੇ ਅਮਰੀਕਾ ਸਥਿਤ ਰੋਹਿਤ ਗੋਦਾਰਾ ਦਾ ਨਾਮ ਵੀ ਲਿਆ, ਜਿਸਨੂੰ ਬਿਸ਼ਨੋਈ ਦਾ ਇੱਕ ਹੋਰ ਕਰੀਬੀ ਮੰਨਿਆ ਜਾਂਦਾ ਹੈ।

**ਅਣਪਛਾਤੇ ਖਿਲਾਫ ਕੇਸ ਦਰਜ**

ਇਹ ਧਮਕੀ ਰੈਪਰ ਐਮੀਵੇ ਬੰਤਾਈ ਨੂੰ ਬੰਤਾਈ ਰਿਕਾਰਡਸ ਦੇ ਨਾਮ 'ਤੇ ਦਰਜ ਮੋਬਾਈਲ ਨੰਬਰ 'ਤੇ ਭੇਜੀ ਗਈ ਸੀ। ਧਮਕੀ ਮਿਲਣ ਤੋਂ ਬਾਅਦ,ਨੇਰੂਲ ਨਿਵਾਸੀ ਸ਼ੇਖ ਨੇ ਮੰਗਲਵਾਰ ਸਵੇਰੇ ਆਪਣੇ ਕਰਮਚਾਰੀ ਰਾਹੀਂ ਐਨਆਰਆਈ ਕੋਸਟਲ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਐਨਆਰਆਈ ਕੋਸਟਲ ਪੁਲਸ ਨੇ ਇਸ ਮਾਮਲੇ ਵਿੱਚ ਭਾਰਤੀ ਨਿਆਂ ਜ਼ਾਬਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਇੱਕ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਹੈ ਅਤੇ ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕ੍ਰਾਈਮ ਬ੍ਰਾਂਚ ਦੀ ਟੀਮ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

**1 ਕਰੋੜ ਦੀ ਫਿਰੌਤੀ ਦੀ ਮੰਗ**

ਰਜਿਸਟਰਡ ਮੋਬਾਈਲ ਨੰਬਰ 'ਤੇ ਭੇਜੀ ਗਈ ਧਮਕੀ ਵਿੱਚ ਲਿਖਿਆ ਸੀ, "ਮੈਂ ਗੈਂਗਸਟਰ ਗੋਲਡੀ ਬਰਾੜ ਹਾਂ। ਤੁਹਾਡੇ ਗਾਇਕ ਕੋਲ 24 ਘੰਟੇ ਹਨ। ਮੈਨੂੰ 1 ਕਰੋੜ ਰੁਪਏ ਚਾਹੀਦੇ ਹਨ, ਨਹੀਂ ਤਾਂ ਮੈਂ ਉਸਨੂੰ ਮਾਰ ਦਿਆਂਗਾ।

" ਤੁਹਾਨੂੰ ਦੱਸ ਦੇਈਏ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਸਾਲ 2022 ਵਿੱਚ ਮਾਨਸਾ ਜ਼ਿਲ੍ਹੇ ਵਿੱਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਲਾਰੈਂਸ ਬਿਸ਼ਨੋਈ ਨੂੰ ਇਸ ਕਤਲ ਦੀ ਸਾਜ਼ਿਸ਼ ਦਾ ਮਾਸਟਰਮਾਈਂਡ ਕਿਹਾ ਜਾਂਦਾ ਸੀ, ਜੋ 2014 ਤੋਂ ਜੇਲ੍ਹ ਵਿੱਚ ਹੈ। ਗੋਲਡੀ ਬਰਾੜ ਨੇ ਵੀ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ।

# ਲੰਡਨ ਦੀ ਸਭ ਤੋਂ ਮਹਿੰਗੀ ਕੌਫੀ ਦਾ ਮਜ਼ਾ ਲੈਂਦੇ ਦਿਖੇ ਦਿਲਜੀਤ

ਦਿਲਜੀਤ ਦੋਸਾਂਝ ਨਾ ਸਿਰਫ਼ ਇੱਕ ਮਸ਼ਹੂਰ ਗਾਇਕ ਅਤੇ ਅਦਾਕਾਰ ਹੈ, ਸਗੋਂ ਉਹ ਦੇਸ਼ ਅਤੇ ਦੁਨੀਆ ਵਿੱਚ ਇੱਕ ਵੱਡਾ ਨਾਮ ਹੈ। ਇਸ ਅਦਾਕਾਰ ਨੇ ਆਪਣੀ ਗਾਇਕੀ ਅਤੇ ਅਦਾਕਾਰੀ ਦੇ ਦਮ 'ਤੇ ਇੱਕ ਵੱਡੀ ਪਛਾਣ ਬਣਾਈ ਹੈ ਅਤੇ ਹਾਲ ਹੀ ਵਿੱਚ ਉਨ੍ਹਾਂ ਨੇ ਕਾਨਸ ਫਿਲਮ ਫੈਸਟੀਵਲ ਵਿੱਚ ਹਿੱਸਾ ਲੈ ਕੇ ਪੰਜਾਬ ਦਾ ਮਾਣ ਵੀ ਵਧਾਇਆ ਹੈ। ਦਿਲਜੀਤ ਦੇ ਇਸ ਅੰਦਾਜ਼ ਤੋਂ ਹਰ ਕੋਈ ਪ੍ਰਭਾਵਿਤ ਹੋਇਆ। ਹੁਣ ਕਾਨਸ ਤੋਂ ਬਾਅਦ ਹਾਲ ਹੀ ਵਿੱਚ ਗਾਇਕ ਨੇ ਲੰਡਨ ਵਿੱਚ ਸਭ ਤੋਂ ਮਹਿੰਗੀ ਕੌਫੀ ਦਾ ਆਨੰਦ ਮਾਣਿਆ, ਜਿਸ ਦੀਆਂ ਤਸਵੀਰਾਂ ਅਤੇ ਵੀਡੀਓਜ਼ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਵੀ ਸ਼ੇਅਰ ਕੀਤੀਆਂ ਹਨ।



ਦਿਲਜੀਤ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਮਜ਼ੇਦਾਰ ਵੀਡੀਓ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਉਹ ਇਸ ਲਗਜ਼ਰੀ ਕੌਫੀ ਦੇ ਅਨੁਭਵ ਦਾ ਆਨੰਦ ਮਾਣਦੇ ਦਿਖਾਈ ਦੇ ਰਹੇ ਹਨ। ਸ਼ੇਅਰ ਕੀਤੇ ਗਏ ਵੀਡੀਓ ਵਿੱਚ ਦਿਲਜੀਤ ਇੱਕ ਆਲੀਸ਼ਾਨ ਕੈਫੇ ਵਿੱਚ ਬੈਠੇ ਲਗਜ਼ਰੀ ਕੌਫੀ ਦਾ ਆਨੰਦ ਮਾਣਦੇ ਦਿਖਾਈ ਦੇ ਰਹੇ ਹਨ। ਇਸ ਦੌਰਾਨ ਉਹ ਕਾਲੇ ਅਤੇ ਚਿੱਟੇ ਰੰਗ ਦੀ ਜੈਕੇਟ ਅਤੇ ਡਾਰਕ ਸਨਗਲਾਸੇਜ਼ ਵਿੱਚ ਸਟਾਈਲਿਸ਼ ਲੁੱਕ ਵਿੱਚ ਦਿਖਾਈ ਦੇ ਰਹੇ ਹਨ। ਉਹ ਸੁਨਹਿਰੀ ਪੋਰ-ਓਵਰ ਸੈੱਟਅੱਪ ਵਿੱਚ ਬਣਾਈ ਜਾ ਰਹੀ ਕੌਫੀ ਨੂੰ ਧਿਆਨ ਨਾਲ ਦੇਖ ਰਹੇ ਸਨ, ਜੋ ਕਿ ਬਹੁਤ ਖਾਸ ਲੱਗ ਰਿਹਾ ਹੈ।

ਵੀਡੀਓ ਵਿੱਚ ਦਿਲਜੀਤ ਮਜ਼ਾਕੀਆ ਅੰਦਾਜ਼ ਵਿੱਚ ਕਹਿੰਦੇ ਹਨ, "ਅੱਜ ਮੈਂ ਲੰਡਨ ਵਿੱਚ ਸਭ ਤੋਂ ਮਹਿੰਗੀ ਕੌਫੀ ਪੀਣ ਆਇਆ ਹਾਂ। ਮੈਂ ਜਾਪਾਨ ਟਾਈਪਿਕਾ ਨੈਚੁਰਲ ਕੌਫੀ ਟਰਾਈ ਕਰ ਰਿਹਾ ਹਾਂ, ਜੋ ਕਿ ਜਾਪਾਨ ਦੇ ਓਕੀਨਾਵਾ ਵਿੱਚ ਉਗਾਈ ਜਾਂਦੀ ਹੈ।"

ਵੀਡੀਓ ਵਿੱਚ ਦਿਲਜੀਤ ਮਜ਼ਾਕੀਆ ਅੰਦਾਜ਼ ਵਿੱਚ ਕਹਿੰਦੇ ਹਨ, "ਅੱਜ ਮੈਂ ਲੰਡਨ ਵਿੱਚ ਸਭ ਤੋਂ ਮਹਿੰਗੀ ਕੌਫੀ ਪੀਣ ਆਇਆ ਹਾਂ। ਮੈਂ ਜਾਪਾਨ ਟਾਈਪਿਕਾ ਨੈਚੁਰਲ ਕੌਫੀ ਟਰਾਈ ਕਰ ਰਿਹਾ ਹਾਂ, ਜੋ ਕਿ ਜਾਪਾਨ ਦੇ ਓਕੀਨਾਵਾ ਵਿੱਚ ਉਗਾਈ ਜਾਂਦੀ ਹੈ।"

# ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ

## ਸ਼ਤਾਵਰ (Asparagus Pecemosa)

ਜਿਹਨਾਂ ਔਰਤਾਂ ਦੀਆਂ ਦੁੱਧ ਗ੍ਰੰਥੀਆਂ ਛਾਤੀਆਂ ਵਿਚੋਂ ਦੁੱਧ ਸੁੱਕ ਜਾਂਦਾ ਹੈ ਜਾਂ ਘੱਟ ਹੋ ਜਾਂਦਾ ਹੈ, ਉਹਨਾਂ ਨੂੰ ਦੋ ਚਮਚੇ ਸ਼ਤਾਵਰ ਚੂਰਣ ਸੁਬਾਹ ਸ਼ਾਮ ਦੁੱਧ ਨਾਲ ਸੇਵਨ ਕਰਨ ਤੇ ਚੋਖੀ ਮਾਤਰਾ ਵਿਚ ਦੁੱਧ ਬਣਨ ਲੱਗ ਪੈਂਦਾ ਹੈ।



ਸ਼ਤਾਵਰ ਚੂਰਣ ਗਰਭਵਤੀ ਔਰਤਾਂ ਨੂੰ ਅੱਧਾ ਚਮਚਾ ਦੀ ਮਾਤਰਾ ਵਿਚ ਗਰਭ ਅਵਸਥਾ ਵਿਚ ਵੀ ਸੇਵਨ ਕਰਦੇ ਰਹਿਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਬੱਚੇ ਦੇ ਜਨਮ ਦੇ ਬਾਦ ਦੁੱਧ ਗ੍ਰੰਥੀਆਂ ਵਿਚ ਦੁੱਧ ਦੀ ਕਮੀ ਨਹੀਂ ਹੋਵੇਗੀ। ਬੱਚੇ ਦੇ ਜਨਮ ਤੋਂ ਬਾਦ ਵੀ ਔਰਤਾਂ ਨੂੰ ਸ਼ਤਾਵਰੀ ਚੂਰਣ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ। ਪ੍ਰਸੰਨ ਰਹੋ ਅਤੇ ਦੁੱਧ ਤੇ ਦਲੀਆ ਖਾਂਦੇ ਪੀਂਦੇ ਰਹੋ। ਔਰਤਾਂ ਦੀਆਂ ਦੁੱਧ ਗ੍ਰੰਥੀਆਂ ਦੇ ਵਿਕਾਰਾਂ ਅਤੇ ਛੋਟਾ ਆਕਾਰ ਹੋਣ ਜਾਂ ਅਵਿਕਸਤ ਹੋਣ ਦੀ ਸੂਰਤ ਵਿਚ ਦੁੱਧ ਗ੍ਰੰਥੀਆਂ ਨੂੰ ਮੋਟਾ ਕਰਨ ਲਈ ਸ਼ਤਾਵਰੀ ਚੂਰਣ ਦਾ ਸੇਵਨ ਹਿੱਤਕਾਰੀ ਹੁੰਦਾ ਹੈ। ਦੁੱਧ ਗ੍ਰੰਥੀਆਂ ਵਿਚ ਉਭਾਰ ਲਿਆਉਣ ਦੇ ਲਈ ਸ਼ਤਾਵਰੀ ਚੂਰਣ ਇਕ ਚਮਚਾ ਹਰ ਰੋਜ਼ ਮਿੱਠੇ ਗਰਮ ਦੁੱਧ ਨਾਲ ਸੁਬਾਹ ਸ਼ਾਮ ਫੱਕੀ ਲਵੋ, ਤਿੰਨ ਮਹੀਨੇ ਫੱਕੀ ਲੈਂਦੇ ਰਹਿਣ ਨਾਲ ਦੁੱਧ ਗ੍ਰੰਥੀਆਂ ਮੋਟੀਆਂ ਹੋ ਜਾਣਗੀਆਂ।



## ਗੋਖਰੂ (Bramble)

ਪੇਸ਼ਾਬ ਵਿਚ ਰੁਕਾਵਟ ਹੋਵੇ, ਬੂੰਦ-ਬੂੰਦ ਟਪਕਦਾ ਹੋਵੇ ਤਾਂ ਗੋਖਰੂ ਪੀਸਕੇ, ਇਕ ਚਮਚਾ ਇਕ ਕੱਪ ਪਾਣੀ ਵਿਚ ਪਾ ਕੇ ਉਬਾਲੋ। ਅੱਧਾ ਕੱਪ ਪਾਣੀ ਰਹਿ ਜਾਣ ਤੇ ਪੁਣ ਲਵੋ। ਸੁਬਾਹ-ਸ਼ਾਮ ਇਕ ਹਫ਼ਤਾ ਸੇਵਨ ਕਰੋ। ਪੇਸ਼ਾਬ ਸਾਫ਼ ਅਤੇ ਖੁੱਲ੍ਹਕੇ ਆਵੇਗਾ।



## ਹਰੜ (Myrobalan)

### ਬਨਸਪਤੀ ਵਿਗਿਆਨਕ ਨਾਮ

*(Terminabia Chebula)*

ਵੱਡੀ ਹਰੜ ਨੂੰ ਸਿਰਕੇ ਵਿਚ ਘਿਸਾਕੇ ਲਾਉਣ ਨਾਲ ਦੱਦ ਠੀਕ ਹੋ ਜਾਂਦੀ ਹੈ। ਛੋਟੀ ਹਰੜ ਘਿਉ ਵਿਚ ਭੁੰਨਕੇ, ਹਰੜ ਦਾ ਅੱਧਾ ਹਿੱਸਾ ਕਾਲਾ ਲੂਣ ਮਿਲਾਕੇ ਪੀਸਕੇ ਰਾਤ ਨੂੰ ਸੌਣ ਵਕਤ ਗਰਮ ਪਾਣੀ ਨਾਲ ਇਕ ਚਮਚਾ ਫੱਕੀ ਲਵੋ। ਕਬਜ਼ ਨਹੀਂ ਰਹੇਗੀ।





# ਫ਼ਲਾਂ ਅਤੇ ਸਬਜ਼ੀਆਂ ਰਾਹੀਂ ਰੋਗਾਂ ਦਾ ਸਸਤਾ ਘਰੇਲੂ ਇਲਾਜ

## ਸੇਬ (Apple)



• ਜੇਕਰ ਪਿਆਸ ਵੱਧ ਲੱਗਦੀ ਹੋਵੇ ਤਾਂ ਸੇਬ ਦਾ ਰਸ ਪਾਣੀ ਵਿਚ ਮਿਲਾਕੇ ਪੀਣ ਨਾਲ ਪਿਆਸ ਘੱਟ ਲੱਗਣ ਲੱਗਦੀ ਹੈ। ਜਿਹੜੇ ਵਿਅਕਤੀ ਦੇ ਗੈਸ ਬਣਦੀ ਹੋਵੇ ਜਾਂ ਕਿਸੇ ਕਿਸਮ ਦੇ ਵਾਯੂ ਵਿਕਾਰ ਹੋਣ ਤਾਂ ਉਹਨਾਂ ਨੂੰ ਇਸ ਤਰ੍ਹਾਂ ਸੇਬ ਦਾ ਰਸ ਨਹੀਂ ਪੀਣਾ ਚਾਹੀਦਾ।

• ਜੇਕਰ ਪੇਸ਼ਾਬ ਵੱਧ ਆਉਂਦਾ ਹੋਵੇ ਅਤੇ ਵਾਰ-ਵਾਰ ਆਉਂਦਾ ਹੋਵੇ ਜਿਸ ਕਰਕੇ ਨੀਂਦ ਵਿਚ ਵਿਘਨ ਪੈਂਦਾ ਹੋਵੇ ਤਾਂ ਰਾਤ ਨੂੰ ਸੇਬ ਖਾਣ ਨਾਲ ਇਹ ਤਕਲੀਫ ਦੂਰ ਹੋ ਜਾਂਦੀ ਹੈ।

• ਜੁਕਾਮ ਹੋ ਜਾਣ ਦੀ ਸੂਰਤ ਵਿਚ ਸਾਨੂੰ ਜੁਕਾਮ ਦੇ ਕਾਰਨਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਕਮਜ਼ੋਰ ਦਿਮਾਗ ਦੇ ਕਾਰਨ ਵੀ ਸਰਦੀ ਜੁਕਾਮ ਲੱਗਿਆ ਰਹਿੰਦਾ ਹੈ। ਇਹੋ ਜਿਹੇ ਮਰੀਜਾਂ ਨੂੰ ਦਵਾਈਆਂ ਲੈਣ ਨਾਲ ਵੀ ਆਰਾਮ ਨਹੀਂ ਆਉਂਦਾ। ਜੁਕਾਮ ਨੂੰ ਠੀਕ ਕਰਨ ਦੇ ਲਈ ਭੋਜਨ ਤੋਂ ਪਹਿਲਾਂ ਛਿਲਕੇ ਸਮੇਤ ਸੇਬ ਖਾਣਾ ਚਾਹੀਦਾ ਹੈ। ਇਸ ਨਾਲ ਮਾਨਸਿਕ ਜਾਂ ਦਿਮਾਗੀ ਕਮਜ਼ੋਰੀ ਖਤਮ ਹੁੰਦੀ ਹੈ ਅਤੇ ਜੁਕਾਮ ਠੀਕ ਹੋ ਜਾਂਦਾ ਹੈ।

• ਜੋੜਾਂ ਦਾ ਦਰਦ ਇੱਕ ਆਮ ਅਲਾਮਤ ਬਣਦਾ ਜਾ ਰਿਹਾ ਹੈ। ਪੇਸ਼ਾਬ ਦੀ ਜਾਂਚ ਕਰਵਾਉਣ ਤੇ ਜੇਕਰ ਇਸ ਵਿਚ ਤੇਜ਼ਾਬੀ ਮਾਦਾ ਵੱਧ ਮਾਤਰਾ ਵਿਚ ਹੋਵੇ ਤਾਂ ਸੇਬ ਖਾਣਾ ਗੁਣਕਾਰੀ ਹੁੰਦਾ ਹੈ। ਸੇਬ ਖਾਣ ਨਾਲ ਗਠੀਆ ਵਿਚ ਵੀ ਫ਼ਾਇਦਾ ਹੁੰਦਾ ਹੈ। ਸੇਬ ਨੂੰ ਉਬਾਲਕੇ, ਪੀਸਕੇ ਦਰਦ ਵਾਲੀ ਥਾਂ 'ਤੇ ਲੇਪ ਕਰਨ ਨਾਲ ਵੀ ਦਰਦ ਤੋਂ ਰਾਹਤ ਮਿਲਦੀ ਹੈ।

• ਕਈ ਵਾਰੀ ਬਿੱਛੂ ਡੰਗ ਮਾਰ ਦਿੰਦਾ ਹੈ ਜਿਸ ਨਾਲ ਬਹੁਤ ਜ਼ਿਆਦਾ ਦਰਦ ਹੁੰਦਾ ਹੈ। ਇਸ ਦਰਦ ਤੋਂ ਛੁਟਕਾਰਾ ਪਾਉਣ ਲਈ ਸੇਬ ਨੂੰ ਪੀਸਕੇ ਚਟਣੀ ਬਣਾ ਲਵੋ ਅਤੇ ਇਸਨੂੰ ਡੰਗ ਵਾਲੀ ਥਾਂ 'ਤੇ ਲੇਪ ਕਰੋ। ਸੇਬ ਖਿਲਾਵੋ ਵੀ। ਦਰਦ ਹਟ ਜਾਵੇਗਾ।

• ਖੰਘ ਇੱਕ ਆਮ ਰੋਗ ਹੈ ਜਿਹੜਾ ਹਰ ਇਕ ਨੂੰ ਹੋ ਜਾਂਦਾ ਹੈ। ਖੰਘ ਨੂੰ ਹਟਾਉਣ ਲਈ ਪੱਕੇ ਹੋਏ ਸੇਬ ਦੇ ਰਸ ਦਾ ਇਕ ਗਲਾਸ ਲਵੋ ਅਤੇ ਉਸ ਵਿਚ ਪੀਸੀ ਹੋਈ ਮਿਸਰੀ ਘੋਲਕੇ ਹਰ ਰੋਜ਼ ਸੁਬਾਹ ਪਿਲਾਵੋ। ਖੰਘ-ਖਾਂਸੀ ਠੀਕ ਹੋ ਜਾਵੇਗੀ।

• ਜੇਕਰ ਸਿਰ ਵਿਚ ਦਰਦ ਹੁੰਦਾ ਹੋਵੇ ਤਾਂ ਸੇਬ ਉੱਪਰ ਨਮਕ ਅਤੇ ਪੀਸੀ ਹੋਈ ਕਾਲੀ ਮਿਰਚ ਲਾ ਕੇ ਕਰੀਬ ਇੱਕ ਮਹੀਨਾ ਖਾਵੋ। ਸਿਰ ਦਰਦ ਬੰਦ ਹੋ ਜਾਵੇਗਾ। ਸੁਬਾਹ ਨਿਰਣੇ ਕਾਲਜੇ ਸੇਬ ਉੱਪਰ ਲੂਣ ਤੇ ਕਾਲੀ ਮਿਰਚ ਲਾ ਕੇ ਖਾਵੋ, ਚਬਾ-ਚਬਾ ਕੇ, ਇਸਦੇ ਬਾਅਦ ਗਰਮ ਦੁੱਧ ਪੀਵੋ। ਸਿਰ ਦਰਦ ਤੋਂ ਮੁਕਤੀ ਮਿਲ ਜਾਵੇਗੀ।

• ਦੰਦ ਭੁਰਦੇ ਹੋਣ ਜਾਂ ਗਲਦੇ ਹੋਣ, ਮਸੂੜੇ ਸੁੱਜਦੇ ਹੋਣ ਤਾਂ ਇਸਨੂੰ ਰੋਕਣ ਦੇ ਲਈ ਖਾਣਾ ਖਾਣ ਦੇ ਬਾਅਦ ਰੋਜ਼ਾਨਾ ਸੇਬ ਖਾਵੋ। ਇਸ ਨਾਲ ਦੰਦ ਅਤੇ ਮਸੂੜੇ ਖਰਾਬ ਨਹੀਂ ਹੋਣਗੇ ਅਤੇ ਖਰਾਬ ਹੋਏ ਠੀਕ ਹੋ ਜਾਣਗੇ। ਸੇਬ ਇੱਕ ਚੁਸਤੀ ਅਤੇ ਤਾਕਤ ਦੇਣ ਵਾਲਾ ਫ਼ਲ ਹੈ। ਖਾਣ ਵਿਚ ਵੀ ਸਵਾਦ ਹੁੰਦਾ ਹੈ।

• ਸੇਬ ਯਾਦਦਾਸ਼ਤ ਨੂੰ ਵਧਾਉਂਦਾ ਹੈ। ਜਿਹਨਾਂ ਵਿਦਿਆਰਥੀਆਂ ਨੂੰ ਯਾਦ ਰੱਖਣ ਵਿਚ ਮੁਸ਼ਕਲ ਆਉਂਦੀ ਹੋਵੇ ਉਹਨਾਂ ਨੂੰ ਹਰ ਰੋਜ਼ ਸੇਬ ਦਾ ਸੇਵਨ ਕਰਨਾ ਚਾਹੀਦਾ ਹੈ। ਸੇਬ ਦਿਮਾਗ ਅਤੇ ਸੰਨਾਯੂਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਸੇਬ ਖਾਣ ਨਾਲ ਨਾੜੀਆਂ ਦੀ ਤਾਕਤ ਵਧ ਜਾਂਦੀ ਹੈ। ਬੇਹੋਸ਼ੀ, ਪਾਗਲਪਣ ਅਤੇ ਚਿੜ-ਚਿੜਾਪਣ ਵਿਚ ਸੇਬ ਖਾਣਾ ਲਾਹੇਵੰਦ ਹੁੰਦਾ ਹੈ। ਇਸ ਦੇ ਲਈ ਸੇਬ ਨੂੰ ਬਿਨਾਂ ਛਿੱਲੇ ਚੱਬ-ਚੱਬਕੇ ਖਾਣਾ ਚਾਹੀਦਾ ਹੈ। ਟਾਈਫ਼ਾਈਡ ਜਾਂ ਅੰਤੜੀਆਂ ਦੇ ਬੁਖਾਰ ਦੇ ਇਲਾਜ ਲਈ ਸੇਬ ਦਾ ਰਸ ਪੀਂਦੇ ਰਹਿਣਾ ਚਾਹੀਦਾ ਹੈ। ਸੇਬ ਦਾ ਮੁਰੱਬਾ ਖਾਂਦੇ ਰਹਿਣ ਨਾਲ ਦਿਲ ਡੁੱਬਣਾ ਅਤੇ ਦਿਲ ਦੀ ਕਮਜ਼ੋਰੀ ਠੀਕ ਹੋ ਜਾਂਦੇ ਹਨ।

• ਬਹੁਤ ਵਾਰੀ ਇੰਝ ਹੋਣ ਲੱਗਦਾ ਹੈ ਕਿ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ। ਉਨੀਂਦਰਾ ਹੋ ਜਾਂਦਾ ਹੈ। ਉਨੀਂਦਰੇ ਤੋਂ ਛੁਟਕਾਰਾ ਪਾਉਣ ਦੇ ਲਈ ਸੇਬ ਦਾ ਮੁਰੱਬਾ ਖਾਣਾ ਚਾਹੀਦਾ ਹੈ। ਸੇਬ ਖਾਕੇ ਸੌਣ ਨਾਲ ਵੀ ਨੀਂਦ ਆ ਜਾਂਦੀ ਹੈ। ਇੱਕ ਸੇਬ ਦੇ ਛੋਟੇ-ਛੋਟੇ ਟੁਕੜੇ ਕਰਕੇ ਇੱਕ ਗਲਾਸ ਪਾਣੀ ਵਿਚ ਉਬਾਲੋ। ਇਸਨੂੰ ਠੰਢਾ ਕਰਕੇ ਸੇਬ ਦੇ ਟੁਕੜਿਆਂ ਨੂੰ ਚੰਗੀ ਤਰ੍ਹਾਂ ਮਸਲ ਲਵੋ। ਪਾਣੀ ਪੁਣਕੇ ਸਵਾਦ ਅਨੁਸਾਰ ਲੂਣ ਮਿਲਾਕੇ ਪੀਵੋ। ਨੀਂਦ ਆਉਣ ਲੱਗ ਜਾਵੇਗੀ। ਉਨੀਂਦਰਾ ਖਤਮ ਹੋ ਜਾਵੇਗਾ। ਜੇਕਰ ਕਿਸੇ ਵਿਅਕਤੀ ਨੂੰ ਸੁੱਕੀ ਖੰਘ ਆਉਂਦੀ ਹੋਵੇ ਤਾਂ ਉਸਨੂੰ ਸੇਬ ਉੱਪਰ ਕਾਲੀ ਮਿਰਚ ਪੀਸੀ ਹੋਈ ਅਤੇ ਮਿਸਰੀ ਭੁੱਕਕੇ ਖਾਣਾ ਚਾਹੀਦਾ ਹੈ। ਇਸ ਨਾਲ ਵਾਰ-ਵਾਰ ਆਉਣ ਵਾਲੀ ਖੰਘ ਵਿਚ ਵੀ ਲਾਭ ਹੁੰਦਾ ਹੈ ਅਤੇ ਗਲੇ ਵਿਚ ਹੋ ਰਹੀ ਕੁਰਕੁਰੀ ਬੰਦ ਹੋ ਜਾਂਦੀ ਹੈ। ਹਰ ਰੋਜ਼ ਪੱਕੇ ਹੋਏ ਮਿੱਠੇ ਸੇਬ ਖਾਣ ਨਾਲ ਸੁੱਕੀ ਖਾਂਸੀ ਨੂੰ ਆਰਾਮ ਆ ਜਾਂਦਾ ਹੈ।

• ਅਕਸਰ ਇਹ ਵੇਖਿਆ ਗਿਆ ਹੈ ਕਿ ਛੋਟੇ ਬੱਚਿਆਂ ਨੂੰ ਦੁੱਧ ਹਜ਼ਮ ਨਹੀਂ ਆਉਂਦਾ ਅਤੇ ਉਹ ਉਲਟੀ ਕਰ ਦਿੰਦੇ ਹਨ। ਉਹਨਾਂ ਨੂੰ ਦੁੱਧ ਪੀਣ ਨਾਲ ਪਤਲੇ ਦਸਤ ਵੀ ਆਉਣ ਲੱਗ ਜਾਂਦੇ ਹਨ। ਇਸ ਅਵਸਥਾ ਵਿਚ ਉਹਨਾਂ ਨੂੰ ਦੁੱਧ ਪਿਲਾਉਣਾ ਬੰਦ ਕਰ ਦੇਵੋ ਅਤੇ ਥੋੜ੍ਹਾ-ਥੋੜ੍ਹਾ ਸੇਬ ਦਾ ਰਸ ਪਿਲਾਉਂਦੇ ਰਹੋ ਦਸਤ ਵੀ ਬੰਦ ਹੋ ਜਾਣਗੇ ਅਤੇ ਉਲਟੀ ਆਉਣੀ ਵੀ ਰੁਕ ਜਾਵੇਗੀ। ਪੁਰਾਣੇ ਦਸਤਾਂ ਅਤੇ ਮਰੋੜ ਆਕੇ ਦਸਤ ਆਉਣ ਵਿਚ ਸੇਬ ਦਾ ਰਸ ਪੀਣਾ ਲਾਭਕਾਰੀ ਹੁੰਦਾ ਹੈ। ਸੇਬ ਦਾ ਰਸ ਖੂੰਨੀ ਦਸਤਾਂ ਨੂੰ ਵੀ ਬੰਦ ਕਰਦਾ ਹੈ। ਦਸਤਾਂ ਨੂੰ ਰੋਕਣ ਲਈ ਛਿਲਕੇ ਤੋਂ ਬਿਨਾਂ ਸੇਬ ਖਾਣਾ ਚਾਹੀਦਾ ਹੈ। ਸੇਬ ਦਾ ਮੁਰੱਬਾ ਖਾਣ ਨਾਲ ਵੀ ਫ਼ਾਇਦਾ ਹੁੰਦਾ ਹੈ। ਸੇਬ ਨੂੰ ਛਿੱਲਕੇ ਛੋਟੇ-ਛੋਟੇ ਟੁਕੜੇ ਕੱਟਕੇ ਦੁੱਧ ਵਿਚ ਉਬਾਲੋ। ਇਸ ਦੁੱਧ ਦਾ ਅੱਧਾ ਕੱਪ ਹਰ ਘੰਟੇ ਪਿਆਉਂਦੇ ਰਹਿਣ ਨਾਲ ਹਰ ਕਿਸਮ ਦੇ ਦਸਤ ਬੰਦ ਹੋ ਜਾਂਦੇ ਹਨ। ਗਰਮੀ ਦੇ ਮੌਸਮ ਵਿਚ ਲੱਗਣ ਵਾਲੇ ਦਸਤਾਂ ਸਮੇਂ ਇਸ ਤਰ੍ਹਾਂ ਦਾ ਦੁੱਧ ਪਿਲਾਉਣ ਨਾਲ ਬਹੁਤ ਲਾਭ ਹੁੰਦਾ ਹੈ। ਦਸਤ ਆਉਣੇ ਰੁਕ ਜਾਂਦੇ ਹਨ।

## ਲੀਚੀ (Litchi)




• ਜਦੋਂ ਲੀਚੀ ਦਾ ਨਾਂ ਸੁਣਦੇ ਹਾਂ ਤਾਂ ਮੂੰਹ ਵਿਚ ਪਾਣੀ ਭਰ ਆਉਂਦਾ ਹੈ। ਲਾਲਾਂ ਡਿੱਗ ਪੈਂਦੀਆਂ ਹਨ। ਭਾਵੇਂ ਇਹ ਕਈ ਫਲਾਂ ਨਾਲੋਂ ਥੋੜ੍ਹੀ ਜਿਹੀ ਮਹਿੰਗੀ ਤਾਂ ਹੋ ਸਕਦੀ ਹੈ ਪਰ ਇਸ ਵਿਚ ਸਿਹਤ ਵਰਧਕ ਅਤੇ ਰੋਗਨਾਸ਼ਕ ਗੁਣ ਵੀ ਹੁੰਦੇ ਹਨ। ਇਸਦਾ ਸੇਵਨ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਰੋਗਾਂ ਵਿਚ ਸਾਡੇ ਲਈ ਰਾਹਤ ਦਾ ਕੰਮ ਕਰਦਾ ਹੈ।

• ਗਰਮੀਆਂ ਵਿਚ ਪਿਆਸ ਲੱਗਣਾ, ਦਿਲ ਦਾ ਡੁੱਬਣਾ ਆਦਿ ਕਸ਼ਟ ਇਸਦੇ ਸੇਵਨ ਨਾਲ ਠੀਕ ਹੋ ਜਾਂਦੇ ਹਨ। ਲੀਚੀ ਕਿੰਨੀ ਗੁਣਕਾਰੀ ਹੈ ਇਹ ਦਿਲ, ਦਿਮਾਗ ਅਤੇ ਜਿਗਰ ਨੂੰ ਮਜ਼ਬੂਤ ਬਣਾਉਂਦੀ ਹੈ।

• ਅੱਜਕੱਲ੍ਹ ਦੇ ਫਾਸਟ ਫੂਡ ਦੇ ਰੁਝਾਨ ਨੇ ਬੱਚਿਆਂ ਨੂੰ ਹੀ ਨਹੀਂ ਸਗੋਂ ਵੱਡਿਆਂ ਨੂੰ ਵੀ ਕਈ ਗੰਭੀਰ ਸਰੀਰਕ ਰੋਗਾਂ ਦਾ ਮਰੀਜ ਬਣਾ ਦਿੱਤਾ ਹੈ। ਉਹਨਾਂ ਵਿਚੋਂ ਵਰਨਣਯੋਗ ਹਨ ਕਬਜ਼, ਮਿਹਦੇ ਦੀ ਗਰਮਾਇਸ਼। ਲੀਚੀ ਦੇ ਸੇਵਨ ਨਾਲ ਇਹਨਾਂ ਵਿਕਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸਦੇ ਸੇਵਨ ਦਾ ਇੱਕ ਲਾਭ ਇਹ ਵੀ ਹੁੰਦਾ ਹੈ ਕਿ ਭੁੱਖ ਵੱਧ ਲੱਗਦੀ ਹੈ ਪਰ ਇਹ ਤਾਂ ਅਸੀਂ ਵੇਖਣਾ ਹੈ ਕਿ ਸੰਜਮ ਤੇ ਆਪਣੀ ਸਮਰੱਥਾ ਮੁਤਾਬਿਕ ਹੀ ਖਾਧਾ ਜਾਵੇ। ਕਈ ਵਾਰੀ ਭੁੱਖ ਨਾ ਲੱਗਣ ਦੀ ਸ਼ਿਕਾਇਤ ਹੋ ਜਾਂਦੀ ਹੈ। ਲੀਚੀ ਖਾਣ ਨਾਲ ਇਹ ਸਮੱਸਿਆ ਹੱਲ ਹੋ ਜਾਂਦੀ ਹੈ।

• ਅਕਸਰ ਹੀ ਸਾਰਿਆਂ ਨੂੰ ਪੇਸ਼ਾਬ ਕਰਨ ਵਿਚ ਕਈ ਵੱਡੀਆਂ ਛੋਟੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਹਰ ਕਿਸਮ ਦੇ ਪੇਸ਼ਾਬ ਸੰਬੰਧੀ ਕਸ਼ਟਾਂ ਵਿਚ ਲੀਚੀ ਦਾ ਸੇਵਨ ਰਾਮ-ਬਾਣ ਦਾ ਕੰਮ ਕਰਦਾ ਹੈ।

## ਫ਼ਾਲਸਾ



• ਇਸਦਾ ਲਾਤੀਨੀ ਨਾਮ ਗ੍ਰੇਈਆ ਹੇਨੀਸਿਆਨਾ (Grewia Hainesiana) ਹੈ।

• ਫ਼ਾਲਸਾ ਸ਼ਰੀਰ ਦੇ ਦੂਸ਼ਿਤ ਮਲ ਨੂੰ ਬਾਹਰ ਕੱਢਦਾ ਹੈ। ਦਿਮਾਗ ਦੀ ਗਰਮੀ, ਖੁਸ਼ਕੀ ਨੂੰ ਦੂਰ ਕਰਦਾ ਹੈ। ਫ਼ਾਲਸਾ ਦਿਲ, ਮਿਹਦੇ ਅਤੇ ਜਿਗਰ ਨੂੰ ਤਾਕਤ ਦਿੰਦਾ ਹੈ। ਕਬਜ਼ ਕਰਦਾ ਹੈ। ਪੇਸ਼ਾਬ ਦੀ ਜਲਣ, ਸੁਜਾਕ ਅਤੇ ਔਰਤਾਂ ਦੇ ਸਫੈਦ ਪਾਣੀ ਪਾਉਣ ਵਿੱਚ ਲਾਭਕਾਰੀ ਹੈ। ਮਿਹਦੇ ਅਤੇ ਛਾਤੀ ਦੀ ਗਰਮੀ, ਬੇਚੈਨੀ, ਵੀਰਜ ਦਾ ਨਿਕੱਲਣਾ ਅਤੇ ਸੁਪਨਦੋਸ਼ ਵਿੱਚ ਵੱਧ ਪੱਕੇ ਹੋਏ ਫ਼ਾਲਸਾ ਖਾਣਾ ਹਿੱਤਕਾਰੀ ਹੁੰਦੀ ਹੈ।

• ਫ਼ਾਲਸੇ ਦਾ ਸ਼ਰਬਤ ਪੀਣ ਨਾਲ ਸ਼ਰੀਰ ਦੀ ਜਲਣ ਮਿਟ ਜਾਂਦੀ ਹੈ। ਫ਼ਾਲਸਾ ਖਾਣ ਨਾਲ ਖੂੰਨ ਦੀ ਕਮੀ (Anaemia) ਖ਼ਤਮ ਹੋ ਜਾਂਦੀ ਹੈ। ਖੂੰਨ ਵੱਧਦਾ ਹੈ। ਫ਼ਾਲਸਾ, ਸੇਂਧਾ ਨਮਕ, ਅਤੇ ਕਾਲੀ ਮਿਰਚ ਨਾਲ ਖਾਣਾ ਉਪਯੋਗੀ ਹੁੰਦਾ ਹੈ। ਭੁੱਖ ਲੱਗਣ ਲੱਗ ਜਾਂਦੀ ਹੈ। ਫ਼ਾਲਸੇ ਦੇ ਸ਼ਰਬਤ ਵਿੱਚ ਸਿੱਧਾ ਨਮਕ ਮਿਲਾਕੇ ਪੀਣ ਨਾਲ ਪੀਲੀਏ ਵਿੱਚ ਲਾਭ ਹੁੰਦਾ ਹੈ। ਪਿੱਤ ਵਿਕਾਰ ਅਤੇ ਦਿਲ ਦੇ ਰੋਗਾਂ ਵਿੱਚ ਪੱਕੇ ਫ਼ਾਲਸੇ ਦਾ ਰਸ, ਪਾਣੀ, ਸੁੰਢ ਅਤੇ ਚੀਨੀ ਮਿਲਾਕੇ ਪੀਣਾ ਚਾਹੀਦਾ ਹੈ।

• ਫ਼ਾਲਸੇ ਦੇ ਰਸ ਵਿੱਚ ਚੀਨੀ ਮਿਲਾਕੇ ਪੀਣ ਨਾਲ ਪੇਟ ਦਰਦ ਵਿੱਚ ਲਾਭ ਹੁੰਦਾ ਹੈ। ਸ਼ਰੀਰ ਵਿੱਚ ਗਰਮੀ ਭਬਕਾ, ਦਾਹ ਹੋਣ ਤੇ ਪੱਕਾ ਫ਼ਾਲਸਾ ਚੀਨੀ ਦੇ ਨਾਲ ਖਾਣਾ ਚਾਹੀਦਾ ਹੈ। ਇਸ ਤਰ੍ਹਾਂ ਸੇਵਨ ਕਰਨਾ ਗੁਣਕਾਰੀ ਹੁੰਦਾ ਹੈ।

# ਸਾਤਵਿਕ-ਚਿਰਾਗ ਦੀ ਜਿੱਤ ਨਾਲ ਵਾਪਸੀ, ਲਕਸ਼ੈ ਜ਼ਖ਼ਮੀ ਹੋਣ ਕਾਰਨ ਬਾਹਰ



ਸਿੰਗਾਪੁਰ- ਸਾਤਵਿਕ ਸਾਈਰਾਜ ਰੈਂਕੀਰੈੱਡੀ ਤੇ ਚਿਰਾਗ ਸ਼ੈੱਟੀ ਦੀ ਭਾਰਤ ਦੀ ਚੋਟੀ ਦੀ ਪੁਰਸ਼ ਡਬਲਜ਼ ਜੋੜੀ ਨੇ ਬੁੱਧਵਾਰ ਨੂੰ ਇੱਥੇ ਸਿੰਗਾਪੁਰ ਓਪਨ ਸੁਪਰ 750 ਬੈਡਮਿੰਟਨ ਟੂਰਨਾਮੈਂਟ ਵਿਚ ਜਿੱਤ ਦੇ ਨਾਲ ਵਾਪਸੀ ਕੀਤੀ ਜਦਕਿ ਲਕਸ਼ੈ ਸੇਨ ਨੂੰ ਨਿਰਾਸ਼ਾ ਹੱਥ ਲੱਗੀ ਤੇ ਉਸ ਨੂੰ ਪਿੱਠ ਦੇ ਹੇਠਲੇ ਹਿੱਸੇ ਵਿਚ ਦਰਦ ਹੋਣ ਕਾਰਨ ਸ਼ੁਰੂਆਤੀ ਦੌਰੇ ਦੇ ਮੁਕਾਬਲੇ ਨੂੰ ਵਿਚਾਲੇ ਵਿਚ ਹੀ ਛੱਡਣਾ ਪਿਆ। ਚਿਰਾਗ ਦੀ ਪਿੱਠ ਦੀ ਸੱਟ ਦੇ ਕਾਰਨ ਮਾਰਚ ਵਿਚ ਆਲ ਇੰਗਲੈਂਡ ਓਪਨ ਵਿਚੋਂ ਹਟਣ ਤੋਂ ਬਾਅਦ ਇਹ ਜੋੜੀ ਪਹਿਲੀ ਵਾਰ ਕੋਰਟ 'ਤੇ ਉਤਰੀ ਸੀ ਤੇ ਉਸ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਮਲੇਸ਼ੀਆ ਦੇ ਚੁੰਗ ਹੋਨ ਜਿਆਨ ਤੇ ਮੁਹੰਮਦ ਹਾਈਕਾਲ ਨੂੰ ਸਿਰਫ 40 ਮਿੰਟ ਦੇ ਅੰਦਰ 21-16, 21-13 ਨਾਲ ਹਰਾਇਆ। ਇਹ 41ਵੀਂ ਰੈਂਕਿੰਗ ਵਾਲੀ ਮਲੇਸ਼ੀਆ ਜੋੜੀ 'ਤੇ ਸਾਤਵਿਕ ਤੇ ਚਿਰਾਗ ਦੀ ਦੂਜੀ ਜਿੱਤ ਹੈ।

ਮੌਜੂਦਾ ਸਮੇਂ ਵਿਚ ਵਿਸ਼ਵ ਵਿਚ 17ਵੇਂ ਨੰਬਰ ਦੇ ਖਿਡਾਰੀ ਸੇਨ ਨੇ ਚੰਗੀ ਸ਼ੁਰੂਆਤ ਕੀਤੀ ਤੇ ਪਹਿਲਾ ਸੈੱਟ 21-15 ਨਾਲ ਜਿੱਤਿਆ ਪਰ ਵਿਸ਼ਵ ਵਿਚ 19ਵੇਂ ਨੰਬਰ ਦੇ ਲਿਨ ਨੇ ਵਾਪਸੀ ਕਰਦੇ ਹੋਏ ਦੂਜਾ ਸੈੱਟ 21-17 ਨਾਲ ਜਿੱਤ ਕੇ ਸਕੋਰ ਬਰਾਬਰ ਕਰ ਲਿਆ। ਫੈਸਲਾਕੁੰਨ ਸੈੱਟ ਵਿਚ ਸੇਨ ਸੱਟ ਕਾਰਨ ਰਿਟਾਇਰ ਹੋਣ ਤੋਂ ਪਹਿਲਾਂ 5-13 ਨਾਲ ਪਿੱਛੇ ਚੱਲ ਰਿਹਾ ਸੀ।

ਮਿਕਸਡ ਡਬਲਜ਼ ਵਿਚ ਰੋਹਨ ਕਪੂਰ ਤੇ ਰੁਥਵਿਕਾ ਸ਼ਿਵਾਨੀ ਗਡੇ ਨੇ ਚੇਨ ਝੀ ਯੀ ਤੇ ਫ੍ਰਾਂਸੇਸਕਾ ਕਾਰਬਟ ਦੀ ਅਮਰੀਕੀ ਜੋੜੀ ਨੂੰ 21-16, 21-19 ਨਾਲ ਹਰਾ ਕੇ ਪ੍ਰੀ ਕੁਆਰਟਰ ਫਾਈਨਲ ਵਿਚ ਪ੍ਰਵੇਸ਼ ਕੀਤਾ।

ਮਹਿਲਾ ਸਿੰਗਲਜ਼ ਵਿਚ ਆਕਰਸ਼ੀ ਕਸ਼ਯਪ ਤੇ ਉਨੱਤੀ ਹੁੱਡਾ ਨੇ ਸਖਤ ਚੁਣੌਤੀ ਪੇਸ਼ ਕੀਤੀ ਪਰ ਆਖਿਰ ਵਿਚ ਉਹ ਕ੍ਰਮਵਾਰ ਵਿਸ਼ਵ ਦੀ ਚੌਥੇ ਨੰਬਰ ਦੀ ਖਿਡਾਰਨ ਹਾਨ ਯੂ ਤੇ ਵਿਸ਼ਵ ਦੀ ਦੂਜੇ ਨੰਬਰ ਦੀ ਖਿਡਾਰਨ ਵਾਂਗ ਜੀ ਯੀ ਹੱਥੋਂ ਹਾਰ ਗਈ।

# ਆਸਟ੍ਰੇਲੀਆ ਦੇ ਸ਼ਹਿਰ ਗ੍ਰਿਫਿਥ ਵਿਖੇ 27ਵਾਂ ਸ਼ਹੀਦੀ ਖੇਡ ਮੇਲਾ 7-8 ਜੂਨ ਨੂੰ





ਮੈਲਬੌਰਨ/ਸਿਡਨੀ - ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਆਸਟ੍ਰੇਲੀਆ ਦੇ ਗ੍ਰਿਫਿਥ ਸ਼ਹਿਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰਿਫਿਥ ਦੀ ਪ੍ਰਬੰਧਕ ਕਮੇਟੀ ਵਲੋਂ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ 27ਵਾਂ ਸ਼ਹੀਦੀ ਖੇਡ ਮੇਲਾ 7 ਅਤੇ 8 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸ਼ਹੀਦੀ ਖੇਡ ਮੇਲੇ ਵਿੱਚ ਆਸਟ੍ਰੇਲੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਟੀਮਾਂ ਹਿੱਸਾ ਲੈ ਰਹੀਆਂ ਹਨ ਤੇ ਕਬੱਡੀ, ਫੁੱਟਬਾਲ, ਵਾਲੀਬਾਲ, ਖੋ -ਖੋ, ਬੱਚਿਆਂ ਦੀਆਂ ਦੌੜਾਂ ਅਤੇ ਰੱਸਾਕੱਸ਼ੀ ਦੇ ਮੁਕਾਬਲੇ ਕਰਵਾਏ ਜਾਣਗੇ।

ਖਾਲਸਾਈ ਸ਼ਾਨ ਦਾ ਪ੍ਰਤੀਕ ਗਤਕਾ, ਸਵਾਲ-ਜਵਾਬ, ਦਸਤਾਰ ਮੁਕਾਬਲੇ ਅਤੇ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀ ਜਾਣਕਾਰੀ ਭਰਪੂਰ ਪ੍ਰਦਰਸ਼ਨੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੇ।

ਜ਼ਿਕਰਯੋਗ ਹੈ ਕਿ ਇਸ ਖੇਡ ਮੇਲੇ ਨੂੰ ਸਿੱਖ ਖੇਡਾਂ ਤੋਂ ਬਾਅਦ ਆਸਟ੍ਰੇਲੀਆ ਦਾ ਦੂਜਾ ਸਭ ਤੋਂ ਵੱਡਾ ਖੇਡ ਮੇਲਾ ਹੋਣ ਦਾ ਮਾਣ ਹਾਸਲ ਹੈ ਤੇ ਇਸ ਵਾਰ ਇਸ ਸ਼ਹੀਦੀ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਇਕੱਠ ਹੋਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ।

# IPL 2025 ਕਲੋਜ਼ਿੰਗ ਸੈਰੇਮਨੀ : ਫੌਜ ਦੇ ਸਨਮਾਨ 'ਤੇ ਕਪਿਲ ਦੇਵ ਨੇ ਤੋੜੀ ਚੁੱਪੀ



ਨਵੀਂ ਦਿੱਲੀ: ਭਾਰਤ ਦੇ ਵਿਸ਼ਵ ਕੱਪ ਜੇਤੂ ਕਪਤਾਨ ਕਪਿਲ ਦੇਵ ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਵੱਲੋਂ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) 2025 ਦੇ ਫਾਈਨਲ ਲਈ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਤਿੰਨ ਮੁਖੀਆਂ ਨੂੰ ਸੱਦਾ ਦੇਣ 'ਤੇ ਆਪਣੇ ਵਿਚਾਰ ਸਾਂਝੇ ਕੀਤੇ, ਜੋ ਕਿ 3 ਜੂਨ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਵੇਗਾ। ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦੀ ਤਣਾਅ ਕਾਰਨ ਮੌਜੂਦਾ ਆਈ.ਪੀ.ਐਲ. ਟੂਰਨਾਮੈਂਟ 9 ਮਈ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਸੀ। ਬੀ.ਸੀ.ਸੀ.ਆਈ. ਦਾ ਇਹ ਕਦਮ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਦਾ ਜਸ਼ਨ ਮਨਾਉਣ ਦੇ ਉਦੇਸ਼ ਨਾਲ ਹੈ।

ਬੀ.ਸੀ.ਸੀ.ਆਈ. ਦੇ ਫੈਸਲੇ 'ਤੇ ਬੋਲਦੇ ਹੋਏ, ਕਪਿਲ ਦੇਵ ਨੇ ਮੀਡੀਆ ਨੂੰ ਕਿਹਾ, "ਮੈਨੂੰ ਮਾਣ ਹੈ ਕਿ ਆਈ.ਪੀ.ਐਲ. ਨੇ ਸਾਰੀਆਂ ਹਥਿਆਰਬੰਦ ਸੈਨਾਵਾਂ ਦੇ ਮੁਖੀਆਂ ਨੂੰ ਸੱਦਾ ਦਿੱਤਾ ਹੈ। ਸਾਨੂੰ ਉਨ੍ਹਾਂ ਪ੍ਰਤੀ ਸਤਿਕਾਰ ਦਿਖਾਉਣਾ ਚਾਹੀਦਾ ਹੈ, ਉਨ੍ਹਾਂ ਨੇ ਸਾਡੇ ਅਤੇ ਸਾਡੇ ਦੇਸ਼ ਲਈ ਜੋ ਕੀਤਾ ਹੈ। ਮੈਂ ਸਿਰਫ਼ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਬਹੁਤ ਜ਼ਿਆਦਾ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਪਰ ਏਕਤਾ ਅਤੇ ਤਾਕਤ ਦਿਖਾਉਣੀ ਚਾਹੀਦੀ ਹੈ।

ਬਹੁਤ ਜ਼ਿਆਦਾ ਗੱਲਾਂ ਕਰਨ ਦੀ ਕੋਈ ਲੋੜ ਨਹੀਂ ਹੈ, ਵੱਡੇ ਕੰਮ ਕਰਨ ਦੀ ਲੋੜ ਹੈ, ਜਿਵੇਂ ਸਾਡੀ ਫੌਜ ਨੇ ਕੀਤਾ ਹੈ।"

ਇਸ ਤੋਂ ਪਹਿਲਾਂ ਮੰਗਲਵਾਰ ਨੂੰ, ਬੀਸੀਸੀਆਈ ਦੇ ਸਕੱਤਰ ਦੇਵਜੀਤ ਸੈਕੀਆ ਨੇ ਕਿਹਾ ਸੀ ਕਿ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਸਾਰੇ ਮੁਖੀਆਂ, ਉੱਚ-ਦਰਜੇ ਦੇ ਅਧਿਕਾਰੀਆਂ ਅਤੇ ਸੈਨਿਕਾਂ ਨੂੰ 3 ਜੂਨ ਨੂੰ ਅਹਿਮਦਾਬਾਦ ਵਿੱਚ ਹੋਣ ਵਾਲੇ ਆਈਪੀਐਲ ਫਾਈਨਲ ਲਈ ਸੱਦਾ ਦਿੱਤਾ ਗਿਆ ਹੈ। 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਆਪ੍ਰੇਸ਼ਨ ਸਿੰਦੂਰ ਭਾਰਤ ਦੀ ਫੈਸਲਾਕੁੰਨ ਫੌਜੀ ਕਾਰਵਾਈ ਸੀ। 7 ਮਈ ਨੂੰ ਸ਼ੁਰੂ ਹੋਏ ਆਪ੍ਰੇਸ਼ਨ ਸਿੰਦੂਰ ਵਿੱਚ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਅਤੇ ਹਿਜ਼ਬੁਲ ਮੁਜਾਹਿਦੀਨ ਵਰਗੇ ਅੱਤਵਾਦੀ ਸੰਗਠਨਾਂ ਨਾਲ ਸਬੰਧਤ 100 ਤੋਂ ਵੱਧ ਅੱਤਵਾਦੀ ਮਾਰੇ ਗਏ ਸਨ।

ਆਈਪੀਐਲ ਬਾਰੇ ਗੱਲ ਕਰਦੇ ਹੋਏ, ਪੰਜਾਬ ਕਿੰਗਜ਼ ਨੇ ਸੋਮਵਾਰ ਨੂੰ ਮੁੰਬਈ ਇੰਡੀਅਨਜ਼ ਵਿਰੁੱਧ ਜਿੱਤ ਨਾਲ ਟੇਬਲ ਵਿੱਚ ਸਿਖਰਲਾ ਸਥਾਨ ਅਤੇ ਕੁਆਲੀਫਾਇਰ ਵਿੱਚ ਇੱਕ ਸਥਾਨ ਸੀਲ ਕਰ ਲਿਆ।

ਕੁਆਲੀਫਾਇਰ 1 29 ਮਈ ਨੂੰ ਮੁੱਲਾਂਪੁਰ ਵਿੱਚ ਹੋਵੇਗਾ, ਜਿਸ ਵਿੱਚ ਪੰਜਾਬ ਕਿੰਗਜ਼ ਰਾਇਲ ਚੈਲੇਂਜਰਜ਼ ਬੰਗਲੌਰ ਨਾਲ ਭਿੜੇਗਾ। ਐਲੀਮੀਨੇਟਰ, ਜਿਸ ਵਿੱਚ ਮੁੰਬਈ ਇੰਡੀਅਨਜ਼ ਸ਼ਾਮਲ ਹਨ, 30 ਮਈ ਨੂੰ ਮੁੱਲਾਂਪੁਰ ਵਿੱਚ ਹੀ ਹੋਵੇਗਾ, ਜਿੱਥੇ 5 ਵਾਰ ਦੇ ਚੈਂਪੀਅਨ ਗੁਜਰਾਤ ਟਾਈਟਨਸ (ਜੀਟੀ) ਦਾ ਸਾਹਮਣਾ ਕਰਨਗੇ।

# ਬੋਲੀਪੱਲੀ ਤੇ ਬੈਰੀਏਂਟੋਸ ਦੀ ਜੋੜੀ ਫ੍ਰੈਂਚ ਓਪਨ 'ਚੋਂ ਬਾਹਰ



ਪੈਰਿਸ-ਭਾਰਤੀ ਖਿਡਾਰੀ ਰਿਤਵਿਕ ਬੋਲੀਪੱਲੀ ਦੀ ਗ੍ਰੈਂਡ ਸਲੈਮ ਦੇ ਮੁੱਖ ਡਰਾਅ ਵਿਚ ਪਹਿਲੀ ਜਿੱਤ ਦੀ ਭਾਲ ਜਾਰੀ ਰਹੇਗੀ ਕਿਉਂਕਿ ਉਸ ਨੂੰ ਤੇ ਉਸਦੇ ਕੋਲੰਬੀਆਈ ਜੋੜੀਦਾਰ ਨਿਕੋਲਸ ਬੈਰੀਏਂਟੋਸ ਨੂੰ ਬੁੱਧਵਾਰ ਨੂੰ ਇੱਥੇ ਫ੍ਰੈਂਚ ਓਪਨ ਪੁਰਸ਼ ਡਬਲਜ਼ ਦੇ ਪਹਿਲੇ ਦੌਰ ਵਿਚ ਸਿੱਧੇ ਸੈੱਟਾਂ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਕੈਨੇਡਾ ਦੇ ਗੈਬ੍ਰੀਏਲ ਡਾਇਲੋ ਤੇ ਬ੍ਰਿਟੇਨ ਦੇ ਜੈਕਬ ਫਰਨਲੇ ਨੇ ਸਿਰਫ 56 ਮਿੰਟ ਵਿਚ ਬੋਲੀਪੱਲੀ ਤੇ ਬੈਰੀਏਂਟੋਸ ਦੀ ਜੋੜੀ 'ਤੇ 6-0, 6-2 ਨਾਲ ਜਿੱਤ ਹਾਸਲ ਕੀਤੀ।

# ਪੰਜਾਬ ਕਿੰਗਜ਼ ਦੀ ਟੀਮ 'ਚ ਹੋਵੇਗਾ ਵੱਡਾ ਬਦਲਾਅ

ਆਈਪੀਐੱਲ 2025 ਦੇ ਪਲੇਅ ਆਫ ਦੇ ਪਹਿਲਾ ਕੁਆਲੀਫਾਇਰ ਮੁਕਾਬਲਾ ਅੱਜ ਪੁਆਇੰਟ ਟੇਬਲ ਦੀਆਂ ਦੋ ਚੋਟੀ ਦੀਆਂ ਟੀਮਾਂ ਪੰਜਾਬ ਕਿੰਗਜ਼ ਤੇ ਰਾਇਲ ਚੈਲੰਜਰਜ਼ ਬੈਂਗਲੁਰੂ ਦਰਮਿਆਨ ਖੇਡਿਆ ਜਾਵੇਗਾ। ਅੱਜ ਦੇ ਮੈਚ 'ਚ ਪੰਜਾਬ ਕੋਲ ਛਡ ਨੂੰ ਹਰਾ ਕੇ ਫਾਈਨਲ 'ਚ ਜਗ੍ਹਾ ਬਣਾਉਣ ਦਾ ਮੌਕਾ ਹੋਵੇਗਾ। ਅੱਜ ਦੇ ਮੈਚ 'ਚ ਪੰਜਾਬ ਕਿੰਗਜ਼ ਦੀ ਟੀਮ 'ਚ ਵੱਡਾ ਬਦਲਾਅ ਹੋਵੇਗਾ। ਦਰਅਸਲ ਗੁੱਟ ਦੀ ਸੱਟ ਕਾਰਨ ਪਿਛਲੇ 2 ਮੈਚਾਂ 'ਚ ਨਾ ਖੇਡ ਸਕਣ ਵਾਲੇ ਧਾਕੜ ਸਪਿਨਰ ਯੁਜਵੇਂਦਰ ਚਾਹਲ ਪਲੇਆਫ਼ ਤੱਕ ਪੂਰੀ ਤਰ੍ਹਾਂ ਫਿੱਟ ਹੈ ਤੇ ਪੰਜਾਬ ਦੇ ਅੱਜ ਦੇ ਮੈਚ ਲਈ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਤਿਆਰ ਹੈ।

ਜ਼ਿਕਰਯੋਗ ਹੈ ਕਿ ਚਾਹਲ ਆਈ.ਪੀ.ਐੱਲ. ਇਤਿਹਾਸ ਦੇ ਸਭ ਤੋਂ ਸਫ਼ਲ ਗੇਂਦਬਾਜ਼ ਹਨ ਤੇ ਇਸ ਸਾਲ ਆਕਸ਼ਨ 'ਚ ਪੰਜਾਬ ਨੇ ਚਾਹਲ ਨੂੰ 18 ਕਰੋੜ ਦੀ ਮੋਟੀ ਬੋਲੀ ਲਾ ਕੇ ਖਰੀਦਿਆ ਸੀ। ਇਸ ਨਾਲ ਉਹ ਆਈ.ਪੀ.ਐੱਲ. ਇਤਿਹਾਸ ਦਾ ਸਭ ਤੋਂ ਮਹਿੰਗਾ ਸਪਿਨਰ ਵੀ ਬਣਿਆ ਸੀ। ਸੱਟ ਕਾਰਨ ਉਹ ਦਿੱਲੀ ਕੈਪੀਟਲਜ਼ ਤੇ ਮੁੰਬਈ ਇੰਡੀਅਨਜ਼ ਖ਼ਿਲਾਫ਼ ਹੋਏ ਮੈਚਾਂ ਦੌਰਾਨ ਟੀਮ ਦਾ ਹਿੱਸਾ ਨਹੀਂ ਬਣ ਸਕਿਆ ਸੀ।

ਹੁਣ ਜਦੋਂ ਟੂਰਨਾਮੈਂਟ ਆਪਣੇ ਅੰਜਾਮ ਵੱਲ ਵਧ ਰਿਹਾ ਹੈ ਤੇ ਸਭ ਤੋਂ ਅਹਿਮ ਮੁਕਾਬਲੇ ਸ਼ੁਰੂ ਹੋਣ ਵਾਲੇ ਹਨ ਤਾਂ ਪ੍ਰਸ਼ੰਸਕਾਂ ਨੂੰ ਉਮੀਦ ਹੈ ਕਿ ਉਹ ਪੂਰੀ ਤਰ੍ਹਾਂ ਠੀਕ ਹੋ ਕੇ ਪਲੇਆਫ਼ 'ਚ ਧਮਾਕੇਦਾਰ ਪ੍ਰਦਰਸ਼ਨ ਕਰ ਕੇ ਟੀਮ ਦੀ ਜਿੱਤ 'ਚ ਯੋਗਦਾਨ ਪਾਵੇਗਾ।

# WHITE ROSE BUILDERS

*We do not build houses, We create homes...*

## Proudly Celebrating

# 20 Years in Business



DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED